

NATION-WIDE TALK,
TEXT & DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com

## ਅੱਜ ਨਾਮਾ

ਰਿੜ੍ਹ ਪਈ ਵੋਟ ਮਸ਼ੀਨਾਂ ਦੀ ਫੇਰ ਚਰਚਾ,
ਸਿੱਧੂ ਨਵਜੋਤ ਨੇ ਛੇੜੀ ਇਹ ਗੱਲ ਬੇਲੀ।
ਚੁੱਕ ਕੇ ਮੁੱਦਾ ਫਿਰ ਬੈਂਸ ਲੁਧਿਆਣੀਏ ਵੀ,
ਅਗਲੀ ਬਹਿਸ ਦੀ ਰਾਲੂ ਲਈ ਮੱਲ ਬੇਲੀ।
ਮੁੱਦਾ ਨਵਾਂ ਨਹੀਂ, ਚੱਲਦਾ ਰਿਹਾ ਪਹਿਲਾਂ,
ਨਿਕਲਿਆ ਕਦੀ ਨਾ ਏਸ ਦਾ ਹੱਲ ਬੇਲੀ।
ਕਰਿਆ ਚੋਣ ਕਮਿਸ਼ਨ ਨਹੀਂ ਮੂੰਹ ਏਧਰ,
ਰਹੇ ਸਨ ਖੜਕਦੇ ਹਵਾ ਵਿੱਚ ਟੱਲ ਬੇਲੀ।
ਅਮਰੀਕਾ ਤੱਕ ਵੀ ਪਏ ਈ ਲੋਕ ਕਹਿੰਦੇ,
ਭਰੋਸੇ ਲਾਇਕ ਨਹੀਂ ਇਹ ਮਸ਼ੀਨ ਬੇਲੀ।
ਭਾਰਤ ਅੰਦਰਵੀ ਬਾਕੀ ਤਾਂ ਸ਼ੱਕ ਕਰਦੇ,
ਭਾਜਪਾ ਕਰਦੀ ਹੈ ਸਿਰਫ ਯਕੀਨ ਬੇਲੀ।

**ਤੀਸ ਮਾਰ ਖਾਂ**

# ਕੈਨੇਡਾ ਰਹਿ ਰਹੀ ਕੋਲੰਬੀਆ ਦੀ ਮਹਿਲਾ ਨੂੰ ਡੀਪੋਰਟ ਕਰਨ ਦੀ ਕੀਤੀ ਜਾ ਰਹੀ ਹੈ ਤਿਆਰੀ

ਸਸਕਾਟੂਨ, 9 ਮਾਰਚ (ਪੋਸਟ ਬਿਊਰੋ) : ਸਰਕਾਰ ਨੂੰ ਕਈ ਸਾਲਾਂ ਤੱਕ ਲਗਾਤਾਰ ਪਟੀਸ਼ਨ ਕਰਨ ਤੋਂ ਬਾਅਦ ਕੋਲੰਬੀਆ ਵਿੱਚ ਪੈਦਾ ਹੋਈ ਇੱਕ ਮਹਿਲਾ ਨੂੰ ਸ਼ੁੱਕਰਵਾਰ ਨੂੰ ਡੀਪੋਰਟ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਅਜਿਹਾ ਕੀਤੇ ਜਾਣ ਨਾਲ ਉਹ ਆਪਣੇ ਕੈਨੇਡਾ ਵਿੱਚ ਪੈਦਾ ਹੋਈ 4 ਸਾਲ ਦੀ ਬੱਚੀ ਤੋਂ ਦੂਰ ਹੋ ਜਾਵੇਗੀ।

ਡਾਇਨਾ ਪਾਰਾ ਬੇਡੋਆ ਨੇ ਦੱਸਿਆ ਕਿ ਉਸ ਲਈ ਇਹ ਬਹੁਤ ਔਖੀ ਘੜੀ ਹੈ ਕਿਉਂਕਿ ਛੇ ਸਾਲਾਂ ਤੋ ਉਹ ਕੋਲੰਬੀਆ ਨਹੀਂ ਗਈ ਤੇ ਉਸ ਦੀ ਇੱਥੇ ਵਧੀਆ ਜ਼ਿੰਦਗੀ ਹੈ।

ਉਸ ਦੇ ਇਮੀਗ੍ਰੇਸ਼ਨ ਵਕੀਲ ਵੱਲੋਂ ਡੀਪੋਰਟੇਸ਼ਨ ਸਬੰਧੀ ਇਨ੍ਹਾਂ ਹੁਕਮਾਂ ਉੱਤੇ ਸਟੇਅ ਲੈਣ ਲਈ ਫੈਡਰਲ ਅਦਾਲਤ ਵਿੱਚ ਅਪੀਲ ਦਾਇਰ ਕੀਤੀ ਜਾ ਰਹੀ ਹੈ। ਬੇਡੋਆ ਨੇ ਆਖਿਆ ਕਿ ਜੇ ਉਹ ਵਾਪਿਸ ਜਾਂਦੀ ਹੈ ਤਾਂ ਉਸ ਕੋਲ ਕੁੱਝ ਨਹੀਂ ਹੋਵੇਗਾ ਤੇ ਉਸ ਨੂੰ ਇਹ ਵੀ ਪਤਾ ਨਹੀਂ ਕਿ ਉਹ ਕਦੋਂ ਇੱਧਰ ਪਰਤ ਸਕੇਗੀ। ਉਸ ਨੇ ਆਖਿਆ ਕਿ ਉੱਧਰ ਉਸ ਨੂੰ ਆਪਣੀ ਸੇਫਟੀ ਨੂੰ ਲੈ ਕੇ ਵੀ ਖਤਰਾ ਹੈ ਤੇ ਉਹ ਆਪਣੀ ਨਿੱਕੀ ਧੀ ਨਾਲ ਵੀ ਰਹਿਣਾ ਚਾਹੁੰਦੀ ਹੈ। ਉਸ ਨੇ ਆਖਿਆ ਕਿ ਉਸ ਨੂੰ ਆਸ ਹੈ ਕਿ ਉਹ ਆਪਣੀ ਬੇਟੀ ਨਾਲ ਰਹਿ ਸਕੇ।

ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀਬੀਐਸਏ) ਦੇ ਡਾਟਾ ਅਨੁਸਾਰ 2020 ਵਿੱਚ ਕੈਨੇਡਾ ਤੋਂ 12,122 ਲੋਕਾਂ ਨੂੰ ਹਟਾਇਆ ਗਿਆ। ਜੋ ਕਿ ਪਿਛਲੇ ਸਾਲ ਦੇ ਮੁਕਾਬਲੇ 875 ਜ਼ਿਆਦਾ ਸਨ ਤੇ 2015 ਤੋਂ ਲੈ ਕੇ ਪਿਛਲੇ ਸਾਲ ਤੱਕ ਇਹ ਅੰਕੜਾ ਸੱਭ ਤੋਂ ਵੱਧ ਸੀ। ਬੇਡੋਆ ਮੁਤਾ-ਬਕ ਆਪਣੇ ਦੇਸ਼ ਵਿੱਚ ਹਿੰਸਾ ਤੋਂ ਬਚਣ ਲਈ ਉਹ 2014 ਵਿੱਚ ਕੈਨੇਡਾ ਆਈ ਤੇ ਇੱਥੇ ਆ ਕੇ ਹੀ ਉਸ ਨੇ ਆਪਣੀ ਬੱਚੀ ਨੂੰ ਜਨਮ ਦਿੱਤਾ।ਉਸ ਨੇ ਆਖਿਆ ਕਿ ਉਸ ਦੀ ਬੱਚੀ ਵੀ ਇੱਥੇ ਹੀ ਪਲੀ ਵੱਡੀ ਹੋਈ ਹੈ। ਉਸ ਕੋਲ ਕੋਲੰਬੀਆ ਦਾ ਪਾਸਪੋਰਟ ਵੀ ਨਹੀਂ ਹੈ ਤੇ ਹੁਣ ਉਸ ਦੀ ਕਸਟਡੀ ਹਾਸਲ ਕਰਨਾ ਵੀ ਔਖਾ ਹੈ। ਉਸ ਨੇ ਦੱਸਿਆ ਕਿ ਬੱਚੀ ਦਾ ਪਿਤਾ, ਜੋ ਕਿ ਕੈਨੇਡਾ ਦਾ ਪੱਕਾ ਵਾਸੀ ਹੈ, ਤੋਂ ਵੀ ਉਹ ਕਈ ਸਾਲਾਂ ਤੋਂ ਵੱਖ ਰਹਿ ਰਹੀ ਹੈ।



ਦਸੰਬਰ 2019 ਤੋਂ ਬੇਡੋਆ ਆਪਣੀ ਬੱਚੀ ਨਾਲ ਸੇਂਟ ਕੈਥਰੀਨਜ਼,ਓਨਟਾਰੀਓ ਵਿੱਚ ਆਪਣੇ ਕਾਮਨ ਲਾਅ ਕੈਨੇਡੀਅਨ ਪਾਰਟਨਰ ਨਾਲ ਰਹਿ ਰਹੀ ਹੈ। ਇਹ ਜੋੜਾ ਲੰਮੇਂ ਸਮੇਂ ਤੋਂ ਬੇਡੋਆ ਦੇ ਕੈਨੇਡਾ ਵਿੱਚ ਹੀ ਰਹਿਣ ਤੇ ਉਸ ਦੀ ਪਰਮਾਨੈਂਟ ਰੈਜ਼ੀਡੈਂਸੀ ਦੀ ਲੜਾਈ ਲੜ ਰਿਹਾ ਹੈ।ਪਰ 17 ਫਰਵਰੀ ਨੂੰ ਕੈਨੇਡਾ ਦੀ ਬਾਰਡਰ ਸਰਵਿਸਿਜ਼ ਏਜੰਸੀ ਨੇ ਉਸ ਨੂੰ ਦੱਸਿਆ ਕਿ ਉਸ ਦਾ ਸਮਾਂ ਪੂਰਾ ਹੋ ਗਿਆ ਹੈ ਤੇ ਉਸ ਨੂੰ ਇਸ ਸ਼ੁੱਕਰਵਾਰ ਡੀਪੋਰਟ ਕੀਤਾ ਜਾ ਰਿਹਾ ਹੈ।

ਦੂਜੇ ਪਾਸੇ ਸੀਬੀਐਸਏ ਦੇ ਬੁਲਾਰੇ ਨੇ ਇੱਕ ਈਮੇਲ ਰਾਹੀਂ ਦੱਸਿਆ ਕਿ ਏਜੰਸੀ ਪ੍ਰਾਈਵੇਸੀ ਐਕਟ ਨਾਲ ਬੱਝੀ ਹੈ ਤੇ ਇਮੀਗ੍ਰੇਸ਼ਨ ਦਾ ਵੇਰਵਾ ਇਸ ਤਰ੍ਹਾਂ ਜ਼ਾਹਰ ਨਹੀਂ ਕੀਤਾ ਜਾ ਸਕਦਾ।

# ਦੱਖਣ ਪੱਛਮੀ ਓਨਟਾਰੀਓ ਵਿੱਚ ਓਪੀਪੀ ਵੱਲੋਂ ਚਲਾਇਆ ਜਾ ਰਿਹਾ ਹੈ ਵੱਡਾ ਆਪਰੇਸ਼ਨ

ਲੰਡਨ, 9 ਮਾਰਚ (ਪੋਸਟ ਬਿਊਰੋ) : ਓਪੀਪੀ ਵੱਲੋਂ ਦੱਖਣਪੱਛਮੀ ਓਨਟਾਰੀਓ ਵਿੱਚ ਲੰਡਨ, ਬ੍ਰੈਂਟਫੋਰਡ ਅਤੇ ਬੈਰੀ, ਓਨਟਾਰੀਓ ਵਿੱਚ ਵੱਖ ਵੱਖ ਥਾਂਵਾਂ ਉੱਤੇ ਸਰਚ ਵਾਰੰਟਜ਼ ਨਾਲ ਵੱਡਾ ਆਪਰੇਸ਼ਨ ਚਲਾਇਆ ਜਾ ਰਿਹਾ ਹੈ।



ਲੰਡਨ ਪੁਲਿਸ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਇੱਕ ਜਾਂਚ ਦੇ ਸਬੰਧ ਵਿੱਚ ਮੰਗਲਵਾਰ ਸਵੇਰੇ ਸਰਚ ਵਾਰੰਟ ਰਾਹੀਂ ਤਲਾਸ਼ੀ ਮੁਹਿੰਮ ਚਲਾਈ ਗਈ। ਪੁਲਿਸ ਨੇ ਆਖਿਆ ਕਿ ਪਬਲਿਕ ਸੇਫਟੀ ਨੂੰ ਕੋਈ ਖਤਰਾ ਨਹੀਂ ਹੈ ਪਰ ਜਾਂਚ ਅਜੇ ਜਾਰੀ ਰਹੇਗੀ। ਓਪੀਪੀ ਵੱਲੋਂ ਇਹ ਵੀ ਆਖਿਆ ਗਿਆ ਹੈ ਕਿ ਜਿਵੇਂ ਹੀ ਉਨ੍ਹਾਂ ਨੂੰ ਸਾਰੀ ਜਾਣਕਾਰੀ ਹਾਸਲ ਹੋਵੇਗੀ ਉਹ ਤੁਰੰਤ ਮੁਹੱਈਆ ਕਰਵਾਉਣਗੇ।

ਇਹ ਅਪੁਸ਼ਟ ਖਬਰਾਂ ਮਿਲ ਰਹੀਆਂ ਹਨ ਕਿ ਲੰਡਨ ਵਿੱਚ ਜਿਸ ਥਾਂ ਉੱਤੇ ਭਾਰੀ ਪੁਲਿਸ ਵੇਖੀ ਗਈ ਉਹ ਹੁਰੌਨ ਤੇ ਹਾਈਬਰੀ ਏਰੀਆ ਵਿੱਚ ਸੀ। ਇੱਕ ਬਿਆਨ ਜਾਰੀ ਕਰਕੇ ਓਪੀਪੀ ਨੇ ਆਖਿਆ ਕਿ ਜਾਂਚ ਅਜੇ ਵੀ ਜਾਰੀ ਹੈ ਤੇ ਹੋਰ ਜਾਣਕਾਰੀ ਹਾਲ ਦੀ ਘੜੀ ਜਾਰੀ ਨਹੀਂ ਕੀਤੀ ਜਾ ਸਕਦੀ।ਪੁਲਿਸ ਨੇ ਇਹ ਵੀ ਆਖਿਆ ਕਿ ਇਸ ਸਬੰਧ ਵਿੱਚ ਜਾਣਕਾਰੀ ਇਸ ਹਫਤੇ ਦੇ ਅੰਤ ਤੱਕ ਜਾਰੀ ਕੀਤੇ ਜਾਣ ਦੀ ਸੰਭਾਵਨਾ ਹੈ।

# ਹਾਈਵੇਅ 400 ਉੱਤੇ ਸੀਮੇਂਟ ਨਾਲ ਭਰਿਆ ਟਰੱਕ ਪਲਟਿਆ

ਓਨਟਾਰੀਓ, 9 ਮਾਰਚ (ਪੋਸਟ ਬਿਊਰੋ) : ਸ਼ਾਮੀਂ 5:00 ਵਜੇ ਲੌਇਡਟਾਊਨ ਅਰੋਰਾ ਰੋਡ ਨੇੜੇ ਹਾਈਵੇਅ 400 ਉੱਤੇ ਉੱਤਰ ਵੱਲ ਜਾਣ ਵਾਲੀਆਂ ਲੇਨਜ਼ ਉੱਤੇ ਇੱਕ ਸੀਮੇਂਟ ਟਰੱਕ ਪਲਟ ਗਿਆ।



ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਸਾਰਜੈਂਟ ਕੈਰੀ ਸ਼ਮਿਡਟ ਨੇ ਸੋਸ਼ਲ ਮੀਡੀਆ ਪੋਸਟ ਉੱਤੇ ਦੱਸਿਆ ਕਿ ਸੀਮੇਂਟ ਟਰੱਕ ਦਾ ਡਰਾਈਵਰ ਲੌਇਡਟਾਊਨ-ਅਰੋਰਾ ਰੋਡ ਤੋਂ ਪਾਸੇ ਜਾਣ ਦੀ ਕੋਸ਼ਿਸ਼ ਕਰ ਰਿਹਾ ਸੀ ਤੇ ਜਿਵੇਂ ਹੀ ਉਹ ਹਾਈਵੇਅ 400 ਤੋਂ ਉੱਤਰ ਵੱਲ ਮੁੜਿਆ ਟਰੱਕ ਤੋਂ ਕਾਬੂ ਗੰਵਾ ਬੈਠਿਆ। ਡਰਾਈਵਰ ਨੂੰ ਕੋਈ ਸੱਟ ਨਹੀਂ ਲੱਗੀ ਪਰ ਹਾਈਵੇਅ ਦੀਆਂ ਉੱਤਰ ਵੱਲ ਜਾਣ ਵਾਲੀਆਂ ਲੇਨਜ਼ ਕਾਫੀ ਲੰਮੇਂ ਸਮੇਂ ਤੱਕ ਬੰਦ ਕਰ ਦਿੱਤੀਆਂ ਗਈਆਂ।

ਓਪੀਪੀ ਨੇ ਦੱਸਿਆ ਕਿ ਸ਼ਾਮੀਂ 6:30 ਵਜੇ ਇਹ ਲੇਨਜ਼ ਥੋੜ੍ਹੇ ਸਮੇਂ ਲਈ ਖੋਲ੍ਹੀਆਂ ਗਈਆਂ। ਪੁਲਿਸ ਨੇ ਦੱਸਿਆ ਕਿ ਇਨ੍ਹਾਂ ਲੇਨਜ਼ ਨੂੰ ਸ਼ਾਮੀਂ 7;30 ਵਜੇ ਬੰਦ ਕਰ ਦਿੱਤਾ ਗਿਆ ਤਾਂ ਕਿ ਟਰੱਕ ਨੂੰ ਉੱਥੋਂ ਹਟਾਇਆ ਜਾ ਸਕੇ। ਸ਼ਮਿਡਟ ਨੇ ਆਖਿਆ ਕਿ ਟਰੱਕ ਉੱਤੇ ਪੰਜ ਯਾਰਡ ਸੀਮੇਂਟ ਲੱਦਿਆ ਹੋਇਆ ਸੀ। ਰਾਤੀਂ 9:00 ਵਜੇ ਹਾਈਵੇਅ ਨੂੰ ਮੁੜ ਖੋਲ੍ਹਿਆ ਗਿਆ।

# ਬ੍ਰਿਟਿਸ਼ ਪਾਰਲੀਮੈਂਟ ਵਿੱਚ ਕਿਸਾਨ ਅੰਦੋਲਨ ਬਾਰੇ ਚਰਚਾ, ਭਾਰਤ ਸਰਕਾਰ ਨਾਰਾਜ਼

ਲੰਡਨ, 9 ਮਾਰਚ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਖਿਲਾਫ ਚੱਲਦੇ ਅੰਦੋਲਨ ਦੀ ਗੂੰਜ ਕੱਲ੍ਹ ਬ੍ਰਿਟਿਸ਼ ਪਾਰਲੀਮੈਂਟਵਿੱਚ ਵੀ ਪਈ ਅਤੇ ਓਥੇ ਹੋਈ ਚਰਚਾ ਦੌਰਾਨ ਭਾਰਤ ਵਿੱਚ ਕਿਸਾਨਾਂ ਉਤੇ ਪਾਣੀਆਂ ਦੀਆਂ ਬੁਛਾੜਾਂ ਤੇ ਅੱਥਰੂ ਗੈਸ ਦੇ ਗੋਲਿਆਂ ਦੀ ਵਰਤੋਂਕੀਤੇ ਜਾਣ ਉੱਤੇਚਿੰਤਾ ਜ਼ਾਹਰ ਕੀਤੀ ਗਈ ਹੈ।

ਇਹ ਚਰਚਾ ਭਾਰਤੀ ਮੂਲ ਦੇ ਇੱਕ ਵਿਅਕਤੀ ਵੱਲੋਂ ਪਾਈ ਗਈ ਈ-ਪਟੀਸ਼ਨ ਦੇ ਕਾਰਨ ਕੀਤੀ ਗਈ। ਵੈਸਟ ਮਨਿਸਟਰ ਹਾਲ ਵਿੱਚਇਸ ਚਰਚਾ ਦੇ ਸ਼ੁਰੂਵਿੱਚਪਾਰਲੀਮੈਂਟ ਮੈਂਬਰ ਮਾਰਟਿਨ ਡੇਅ ਨੇ ਕਿਸਾਨ ਮਾਮਲੇ ਦੀ ਗੱਲ ਕੀਤੀ ਤੇ ਭਾਰਤ ਵਿੱਚ ਪੱਤਰਕਾਰਾਂ ਦੇ ਖਿਲਾਫ ਕਾਰਵਾਈ ਅਤੇ 26 ਜਨਵਰੀ ਦੀ ਹਿੰਸਾ ਦਾ ਜ਼ਿਕਰ ਕੀਤਾ। ਇਸ ਚਰਚਾ ਵੇਲੇ ਸਕਾਟਿਸ਼ ਨੈਸ਼ਲਿਸਟ ਪਾਰਟੀ ਦੇ ਪਾਰਲੀਮੈਂਟ ਮੈਂਬਰ ਮਾਰਟਿਨ ਡੇਅ ਨੇ ਕਿਹਾ ਕਿ ਦਿੱਲੀ ਬਾਰਡਰ ਉੱਪਰ ਬੈਠੇ ਕਈ ਕਿਸਾਨਾਂ ਦੀ ਮੌਤ ਹੋ ਚੁੱਕੀ ਹੈ, ਕਿਸਾਨਾਂ ਉੱਤੇ ਪਾਣੀਆਂ ਦੀਆਂ ਬੁਛਾੜਾਂ ਅਤੇ ਅੱਥਰੂ ਗੈਸ ਦੇ ਗੋਲੇ ਵਰਤੇ ਗਏ ਹਨ ਅਤੇ ਸਮਾਜਿਕ ਕਾਰਕੁਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾ ਕਿਹਾ ਕਿ ਕਿਸਾਨਾਂ ਵੱਲੋਂ ਸ਼ਾਂਤਮਈ ਚੱਲ ਰਹੇਇਸ ਅੰਦੋਲਨ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਮਾਰਟਿਨ ਡੇਅ ਨੇ ਕਿਹਾ ਕਿ ਇੰਟਰਨੈੱਟ ਸੇਵਾਵਾਂ ਬੰਦ ਕਰਨ ਦੀਆਂ ਖ਼ਬਰਾਂ ਆਈਆਂ ਹਨ, ਜੋ ਲੋਕਾਂ ਦੇ ਮੂਲ ਹੱਕਾਂ ਦਾ ਘਾਣ ਹਨ ਅਤੇ ਪ੍ਰੈੱਸ ਦੀ ਆਜ਼ਾਦੀ ਅਤੇ ਪ੍ਰਦਰਸ਼ਨ ਕਰਨ ਦਾ ਹੱਕ ਹਰ ਲੋਕਤੰਤਰ ਵਿੱਚ ਹੁੰਦਾ ਹੈ। ਇਸ ਬਾਰੇ ਕਈ ਹੋਰ ਮੈਂਬਰਾਂ ਨੇ ਵੀ ਬਹਿਸ ਵਿੱਚ ਹਿੱਸਾ ਲਿਆ।

ਬ੍ਰਿਟਿਸ਼ ਸਰਕਾਰ ਦੇ ਮੰਤਰੀ ਨਾਈਜਰ ਐਡਮਸ ਨੇ ਕਿਹਾ ਕਿ ਭਾਰਤ-ਬ੍ਰਿਟੇਨ ਦੀ ਦੋਸਤੀ ਕਾਫ਼ੀ ਪੁਰਾਣੀ ਹੈ ਅਤੇ ਦੋਵੇਂ ਦੇਸ਼ ਆਪਸੀ ਸਹਿਮਤੀ ਨਾਲਦੁਵੱਲੇ ਅੰਤਰਾਸ਼ਟਰੀ ਮੁੱਦਿਆਂ ਉੱਤੇ ਚਰਚਾ ਲਈ ਤਿਆਰ ਹਨ। ਐਡਮਸ ਨੇ ਆਸ ਕੀਤੀ ਕਿ ਜਲਦੀ ਹੀ ਭਾਰਤ ਸਰਕਾਰ ਤੇ ਅੰਦੋਲਨ ਕਰਦੇ ਕਿਸਾਨ ਸੰਗਠਨਾਂ ਦੀ ਗੱਲਬਾਤ ਨਾਲ ਕੋਈ ਪਾਜ਼ਿਟਿਵ ਸਿੱਟਾ ਨਿਕਲੇਗਾ। ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਨੇ ਵੀ ਭਾਰਤ ਨਾਲ ਦੋਸਤੀ ਦੀ ਗੱਲ ਕੀਤੀ ਅਤੇ ਕਿਸਾਨ ਮਾਮਲੇ ਨੂੰ ਭਾਰਤ ਦਾ ਅੰਦਰੂਨੀ ਮੁੱਦਾ ਦੱਸ ਕੇ ਇਸ ਦੇ ਛੇਤੀ ਹੱਲ ਹੋਣ ਦੀ ਆਸ ਪ੍ਰਗਟ ਕੀਤੀ।

ਭਾਰਤ ਨੇ ਬ੍ਰਿਟਿਸ਼ ਪਾਰਲੀਮੈਂਟ ਵਿੱਚਭਾਰਤਦੇ ਨਵੇਂ ਖੇਤੀ ਕਾਨੂੰਨਾਂ ਉੱਤੇ ਚਰਚਾ ਬਾਰੇ ਸਖ਼ਤ ਪ੍ਰਤੀਕ੍ਰਿਆ ਜ਼ਾਹਰ ਕਰਦਿਆਂ ਇਸ ਦੀ ਨਿੰਦਾ ਕੀਤੀ ਹੈ। ਭਾਰਤੀ ਹਾਈ ਕਮਿਸ਼ਨ ਨੇ ਕਿਹਾ ਕਿ ਬ੍ਰਿਟਿਸ਼ ਪਾਰਲੀਮੈਂਟ ਵਿੱਚ ਚਰਚਾ ਦੌਰਾਨਇੱਕ ਪਾਸੜ ਅਤੇ ਝੂਠੇ ਤੱਥ ਪੇਸ਼ ਕੀਤੇ ਗਏ ਹਨ, ਜਦਕਿ ਬ੍ਰਿਟਿਸ਼ ਸਰਕਾਰ ਵਿੱਚ ਮੰਤਰੀ ਨਾਈਜਲ ਐਡਮਸ ਦਾ ਇਸ ਬਾਰੇ ਕਹਿਣਾ ਹੈ ਕਿ ਖੇਤੀ ਸੁਧਾਰ ਭਾਰਤ ਦਾ ਅੰਦਰੂਨੀ ਮਸਲਾ ਹੈ।

# ਅਸੈਂਬਲੀ ਵਿੱਚ ਨਵਜੋਤ ਸਿੱਧੂ ਨੇ ਅਕਾਲੀਆਂ ਨੂੰ ਬਾਦਲਾਂ ਦੀਆਂ ਬੱਸਾਂ ਦਾ ਸਵਾਲ ਪੁੱਛ ਕੇ ਫਸਾਇਆ

*** ਕਾਂਗਰਸੀਆਂ ਤੇ ਹੋਰ ਵਿਧਾਇਕਾਂ ਨੇ ਸਿੱਧੂ ਨਾਲ ਸੁਰ ਮਿਲਾਈ**

ਚੰਡੀਗੜ੍ਹ, 9 ਮਾਰਚ, (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਦੇ ਬੱਜਟ ਸੈਸ਼ਨ ਦੇ ਸੱਤਵੇਂ ਦਿਨ ਅੱਜ ਸਾਲਾਨਾ ਬੱਜਟ ਉੱਤੇ ਵਿਚਾਰ ਦੌਰਾਨ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸੀ ਵਿਧਾਇਕਾਂ ਵਿਚਾਲੇ ਕਾਫੀ ਬਹਿਸ ਹੋ ਗਈ।


ਅਸਲ ਵਿੱਚ ਪਹਿਲਾਂ ਬੱਜਟ ਉੱਤੇ ਆਪਣੇ ਭਾਸ਼ਣ ਦੇ ਦੌਰਾਨ ਅਕਾਲੀ ਵਿਧਾਇਕ ਬਿਕਰਮ ਸਿੰਘ ਮਜੀਠੀਆ ਨੇ ਪੰਜਾਬ ਸਰਕਾਰ ਨੂੰ ਨਿਸ਼ਾਨਾ ਬਣਾ ਕੇ ਕਿਹਾ ਕਿ ਅਜੇ ਪਿਛਲੇ ਬਜਟ ਵਿੱਚ ਐਲਾਨੇ ਵਿਕਾਸ ਕੰਮ ਸ਼ੁਰੂ ਨਹੀਂ ਕੀਤੇ ਅਤੇ ਇਸ ਬੱਜਟ ਵਿੱਚ ਹੋਰ ਐਲਾਨ ਕਰ ਦਿੱਤੇ ਹਨ। ਉਨ੍ਹਾਂ ਨੇ ਆਪਣੇ ਭਾਸ਼ਣ ਦੇ ਦੌਰਾਨ ਇੱਕ ਕਵਿਤਾ ਪੜ੍ਹੀ, ਜਿਸ ਰਾਹੀਂ ਕਾਂਗਰਸੀ ਵਿਧਾਇਕਾਂ ਉੱਤੇ ਵਿਅੰਗ ਕੱਸਿਆ ਕਿ ਉਨ੍ਹਾਂ ਦੀ ਆਮਦਨੀ ਕਿਵੇਂ ਵਧੀ ਹੈ, ਇਹ ਪੁੱਛਣਾ ਚਾਹੀਦਾ ਹੈ। ਸੁਣਦੇ ਸਾਰ ਕਾਂਗਰਸੀ ਵਿਧਾਇਕ ਤੇ ਮੰਤਰੀ ਚਰਨਜੀਤ ਸਿੰਘ ਚੰਨੀ ਨੇਸੁਖਬੀਰ ਸਿੰਘ ਬਾਦਲ ਦਾ ਨਾਂਅ ਲਏ ਬਗੈਰ ਕਿਹਾ ਕਿ ਪੰਜਾਬ ਦੇ ਲੋਕ ਇਹ ਪੁੱਛਦੇ ਹਨ ਕਿ ਇੱਕ ਪਰਿਵਾਰ ਨੇ ਵੱਡੀ ਪ੍ਰਾਈਵੇਟ ਬੱਸ ਕੰਪਨੀ ਕਿਵੇਂ ਬਣਾ ਲਈ ਅਤੇ ਚੰਡੀਗੜ੍ਹ ਨੇੜੇ ਇੱਕ ਲਗਜ਼ਰੀ ਹੋਟਲ ਕਿਵੇਂ ਬਣਾ ਲਿਆ ਹੈ। ਮੰਤਰੀ ਚਰਨਜੀਤ ਸਿੰਘ ਚੰਨੀ ਦੀ ਹਮਾਇਤ ਵਿੱਚ ਨਵਜੋਤ ਸਿੰਘ ਸਿੱਧੂ ਉੱਠ ਖੜੋਤੇ ਅਤੇ ਉਨ੍ਹਾਂ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਕਾਰੋਬਾਰ ਉੱਤੇ ਸਵਾਲ ਖੜ੍ਹੇ ਕਰ ਕੇ ਕਿਹਾ ਕਿ ਉਨ੍ਹਾਂ ਨੇ ਇੰਨੀ ਜਾਇਦਾਦ ਕਿਸ ਤਰ੍ਹਾਂ ਬਣਾਈ ਹੈ।



ਇਸ ਤੋਂ ਪਹਿਲਾਂ ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਵਿਧਾਨ ਸਭਾ ਵਿੱਚ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਦਾ ਮੁੱਦਾ ਚੁੱਕ ਕੇ ਮੰਗ ਕੀਤੀ ਕਿ ਪੰਜਾਬ ਵਿੱਚ ਚੋਣਾਂ ਬੈਲਟ ਪੇਪਰਾਂ ਨਾਲ ਕਰਵਾਈਆਂ ਜਾਣ। ਕਾਂਗਰਸ ਦੇ ਵਿਧਾਇਕ ਨਵਜੋਤ ਸਿੰਘ ਸਿੱਧੂ ਨੇ ਇਸ ਮੁੱਦੇ ਉੱਤੇ ਸਿਮਰਜੀਤ ਸਿੰਘ ਬੈਂਸ ਦਾ ਸਮਰਥਨ ਕਰਦੇ ਹੋਏ ਕਿਹਾ ਕਿ ਵਿਕਸਤ ਦੇਸ਼ਾਂ ਵਿੱਚ ਚੋਣਾਂ ਸਿਰਫ ਬੈਲਟ ਪੇਪਰ ਨਾਲ ਕੀਤੀਆਂ ਜਾਂਦੀਆਂ ਹਨ। ਨਵਜੋਤ ਸਿੰਘ ਸਿੱਧੂ ਨੇ ਆਪਣੇ ਜਾਣੇ-ਪਛਾਣੇ ਅੰਦਾਜ਼ ਵਿੱਚਆਖਿਆ ਕਿ ਕੇਂਦਰ ਦੀ ਭਾਜਪਾ ਅਗਵਾਈ ਵਾਲੀ ਸਰਕਾਰ ਵੱਖ-ਵੱਖ ਸੰਸਥਾਵਾਂ ਦੀ ਦੁਰਵਰਤੋਂ ਕਰ ਰਹੀ ਹੈ। ਇਸ ਮੌਕੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਇਹ ਮੰਗ ਕੀਤੀ ਕਿ ਵਿਧਾਨ ਸਭਾ ਵਿੱਚ ਮਤਾ ਪਾਸ ਕੀਤਾ ਜਾਵੇ ਕਿ ਪੰਜਾਬ ਵਿਚ ਚੋਣਾਂ ਬੈਲਟ ਪੇਪਰਾਂ ਉੱਤੇ ਹੀ ਹੋਣਗੀਆਂ।

# ਜੇਨ ਐਂਡ ਵੈਸਟਨ ਨੇੜੇ ਛੁਰੇਬਾਜ਼ੀ ਵਿੱਚ ਇੱਕ ਹਲਾਕ

ਟੋਰਾਂਟੋ, 9 ਮਾਰਚ (ਪੋਸਟ ਬਿਊਰੋ) : ਸ਼ਹਿਰ ਦੇ ਪੱਛਮੀ ਸਿਰੇ ਉੱਤੇ ਵਾਪਰੀ ਛੁਰੇਬਾਜ਼ੀ ਦੀ ਘਟਨਾ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ। ਮੰਗਲਵਾਰ ਨੂੰ ਟੋਰਾਂਟੋ ਪੁਲਿਸ ਨੂੰ ਸਵੇਰੇ 11:30 ਵਜੇ ਤੋਂ ਠੀਕ ਪਹਿਲਾਂ ਵੈਸਟਨ ਰੋਡ ਨੇੜੇ ਜੇਨ ਸਟਰੀਟ ਤੇ ਟਰੈਥਿਊਵੇ ਡਰਾਈਵ ਇਲਾਕੇ ਵਿੱਚ ਸੱਦਿਆ ਗਿਆ। ਕਾਂਸਟੇਬਲ ਲੌਰਾ ਬ੍ਰਾਬੈਂਟ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਰਿਪੋਰਟ ਮਿਲੀ ਕਿ ਇੱਕ ਵਿਅਕਤੀ ਨੂੰ ਛੁਰਾ ਮਾਰਨ ਤੋਂ ਬਾਅਦ ਹਮਲਾਵਰ ਨੇ ਆਪਣੇ ਆਪ ਨੂੰ ਵੀ ਛੁਰਾ ਮਾਰ ਲਿਆ। ਜਿਸ ਨੂੰ ਛੁਰਾ ਮਾਰਿਆ ਗਿਆ ਸੀ ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ।



ਮਸ਼ਕੂਕ ਆਪਣੇ 30ਵਿਆਂ ਵਿੱਚ ਮੰਨਿਆ ਜਾ ਰਿਹਾ ਹੈ ਉਸ ਨੂੰ ਬਹੁਤੀਆਂ ਸੱਟਾਂ ਨਹੀਂ ਲੱਗੀਆਂ ਤੇ ਉਸ ਨੂੰ ਗ੍ਰਿਫਤਾਰ ਵੀ ਕਰ ਲਿਆ ਗਿਆ ਹੈ। ਪੁਲਿਸ ਨੇ ਦੱਸਿਆ ਕਿ ਮ੍ਰਿਤਕ ਆਪਣੇ 70ਵਿਆਂ ਵਿੱਚ ਸੀ।ਪੁਲਿਸ ਨੇ ਆਖਿਆ ਕਿ ਇਹ ਕਤਲ ਦਾ ਮਾਮਲਾ ਹੈ ਤੇ ਉਹ ਇਸ ਸਬੰਧ ਵਿੱਚ ਜਾਂਚ ਕਰ ਰਹੇ ਹਨ।

# ਨੰਦੀਗ੍ਰਾਮ ਵਿੱਚ ਮਮਤਾ ਨੇ ਸਟੇਜ ਉੱਤੇ ਚੰਡੀ ਪਾਠ ਕਰ ਕੇ ਹਿੰਦੂ ਪੱਤਾ ਖੇਡਿਆ

*** ਤਿੰਨ ਹਿੰਦੂ ਮੰਦਰਾਂ ਵਿਚ ਜਾ ਕੇ ਪੂਜਾ-ਅਰਚਨਾ ਵੀ ਕੀਤੀ**

ਕੋਲਕਾਤਾ, 9 ਮਾਰਚ, (ਪੋਸਟ ਬਿਊਰੋ)- ਪੱਛਮੀ ਬੰਗਾਲ ਦੀਆਂ ਵਿਧਾਨ ਸਭਾ ਚੋਣਾਂ ਵਿਚ ਤ੍ਰਿਣਮੂਲ ਕਾਂਗਰਸ ਦੀ ਮੁਖੀਅਤੇ ਮੁੱਖ ਮੰਤਰੀ ਮਮਤਾ ਬੈਨਰਜੀ ਇਕ ਤੋਂ ਬਾਅਦ ਇਕ ਰਣਨੀਤਕ ਦਾਅ ਵਰਤ ਰਹੀ ਹੈ।

ਇੱਕ ਦਿਨ ਪਹਿਲਾਂ ਨੰਦੀਗ੍ਰਾਮ ਤੋਂ ਇਸ ਵਾਰੀ ਵਿਧਾਨ ਸਭਾ ਚੋਣ ਲੜਨ ਦਾ ਐਲਾਨ ਕਰਨ ਪਿੱਛੋਂ ਮੰਗਲਵਾਰ ਨੂੰ ਇਥੇ ਪਹੁੰਚੀ ਮਮਤਾ ਬੈਨਰਜੀ ਨੇ ਹਿੰਦੁਤਵ ਦਾ ਪਤਾ ਖੇਡ ਕੇ ਸਭ ਨੂੰ ਹੈਰਾਨ ਕਰ ਦਿੱਤਾ। ਇਸ ਦੌਰਾਨ ਉਨ੍ਹਾਂ ਨੇ ਭਾਜਪਾ ਨੂੰ ਹਿੰਦੁਤਵ ਉੱਤੇ ਨਸੀਹਤ ਦਿੱਤੀ ਅਤੇ ਚੋਣ ਰੈਲੀ ਦੀ ਸਟੇਜ ਤੋਂ ਚੰਡੀ ਪਾਠ ਕਰ ਕੇ ਕਾਲੀ ਮਾਤਾ ਦੀ ਭਗਤ ਹਿੰਦੂ ਹੋਣ ਦੀ ਆਪਣੀ ਦਿੱਖ ਵੀ ਪੇਸ਼ ਕਰ ਦਿੱਤੀ। ਇਸ ਦੇ ਇਲਾਵਾ ਅੱਜ ਉਨ੍ਹਾਂ ਨੇ 3 ਮੰਦਰਾਂ ਵਿਚ ਜਾ ਕੇ ਪੂਜਾ-ਪਾਠ ਵੀ ਕੀਤਾ।

ਵਰਨਣ ਯੋਗ ਹੈ ਕਿ ਜਦੋਂ ਮਮਤਾ ਬੈਨਰਜੀ ਨੇ ਨੰਦੀਗ੍ਰਾਮ ਤੋਂ ਚੋਣ ਲੜਨ ਲਈ ਐਲਾਨ ਕੀਤਾ ਸੀ ਤਾਂ ਭਾਜਪਾ ਨੇ ਦੋਸ਼ ਲਾਇਆ ਸੀ ਕਿ ਨੰਦੀਗ੍ਰਾਮ ਵਿਚ ਮੁਸਲਿਮ ਵੋਟ ਬੈਂਕ ਵੱਧ ਹੋਣ ਕਾਰਨ ਮਮਤਾ ਬੈਨਰਜੀ ਨੇ ਉਥੋਂ ਚੋਣ ਲੜਨ ਲਈ ਐਲਾਨ ਕੀਤਾ ਹੈ। ਮਮਤਾ ਬੈਨਰਜੀ ਜਦੋਂ ਮੰਗਲਵਾਰ ਪਹਿਲੀ ਵਾਰ ਨੰਦੀਗ੍ਰਾਮ ਵਿਚ ਚੋਣ ਪ੍ਰਚਾਰ ਕਰਨ ਪਹੁੰਚੀ ਤਾਂ ਸਭ ਨੂੰ ਲੱਗਦਾ ਸੀ ਕਿ ਉਹ ਮੁਸਲਮਾਨਾਂ ਨੂੰ ਲੁਭਾਉਣ ਦੀ ਕੋਸ਼ਿਸ਼ ਕਰਦੇ ਹੋਏ ਮੁਸਲਿਮ ਕਾਰਡ ਖੇਡੇਗੀ, ਪਰ ਇਥੇ ਵੀ ਉਨ੍ਹਾਂ ਨੇ ਸਭ ਨੂੰ ਹੈਰਾਨ ਕਰਦੇ ਹੋਏ ਇਸ ਸੋਚ ਤੋਂ ਬਿਲਕੁਲ ਉਲਟ ਜਾ ਕੇ ਹਿੰਦੂ ਕਾਰਡ ਖੇਡ ਦਿੱਤਾ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated

19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
Red Seal NOTARY
KAUR LAW OFFICE

MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ShergGill Law Firm
Barrister, Solicitor & Notary Public
Services:
• Real Estate
• Residential, Commercial & Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill
(MBA,LL.B.)
Tel: 905-790-3636

2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

## ਉਤਰਾਖੰਡ ਦੇ ਭਾਜਪਾ ਮੁੱਖ ਮੰਤਰੀ ਤ੍ਰਿਵੇਂਦਰ ਸਿੰਘ ਰਾਵਤ ਦਾ ਅਹੁਦੇ ਤੋਂ ਅਸਤੀਫ਼ਾ

ਡੇਹਰਾਦੂਨ, 9 ਮਾਰਚ, (ਪੋਸਟ ਬਿਊਰੋ)- ਉੱਤਰਾਖੰਡ ਦੇ ਭਾਜਪਾ ਮੁੱਖ ਮੰਤਰੀਤ੍ਰਿਵੇਂਦਰ ਸਿੰਘ ਰਾਵਤ ਨੇ ਅੱਜ ਇਸ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਨ੍ਹਾਂ ਨੇ ਰਾਜ ਭਵਨ ਵਿ-ਚਗਵਰਨਰ ਬੇਬੀ ਰਾਣੀ ਮੋਰੀਆ ਨੂੰ ਅਸਤੀਫ਼ਾ ਸੌਂਪਿਆ। ਇਹ ਅਸਤੀਫਾ ਉਨ੍ਹਾਂ ਨੂੰ ਇਸ ਅਹੁਦੇ ਉੱਤੇ ਚਾਰ ਸਾਲ ਪੂਰੇ ਹੋਣ ਤੋਂ ਐਨ ਪਹਿਲਾਂ ਦੇਣਾ ਪਿਆ ਹੈ।

ਇਸ ਤੋਂ ਪਹਿਲਾਂ ਸੋਮਵਾਰ ਨੂੰ ਦਿੱਲੀ ਵਿੱਚਤ੍ਰਿਵੇਂਦਰ ਸਿੰਘ ਰਾਵਤ ਭਾਜਪਾ ਦੇ ਪ੍ਰਧਾਨ ਜਗਤ ਪ੍ਰਕਾਸ਼ ਨੱਢਾ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਮਿਲੇ ਸਨ। ਅਸਲ ਵਿੱਚ ਉਤਰਾਖੰਡ ਦੀ ਭਾਜਪਾ ਦਾ ਇਕ ਗਰੁੱਪ ਤ੍ਰਿਵੇਂਦਰ ਸਿੰਘ ਰਾਜਵਾ ਦੇ ਕੰਮਾਂ ਤੋਂ ਖ਼ੁਸ਼ ਨਹੀਂ ਹੈ ਅਤੇ ਉਸ ਨੇ ਪਾਰਟੀ ਹਾਈ ਕਮਾਨ ਨੂੰ ਸ਼ਿਕਾਇਤ ਕੀਤੀ ਸੀ। ਨਾਰਾਜ਼ ਨੇਤਾਵਾਂ ਵਿੱਚਪਾਰਲੀਮੈਂਟ ਮੈਂਬਰ ਤੇ ਵਿਧਾਇਕ ਵੀ ਸਨ। ਕੁਝ ਦਿਨ ਪਹਿਲਾਂ ਭਾਜਪਾ ਲੀਡਰਸ਼ਿਪ ਨੇ ਪਾਰਟੀ ਦੇ ਉੱਪ ਪ੍ਰਧਾਨ ਰਮਨ ਸਿੰਘ ਅਤੇ ਜਨਰਲ ਸੈਕਟਰੀ ਦੁਸ਼ਯੰਤ ਕੁਮਾਰ ਗੌਤਮ ਨੂੰ ਅਬਜ਼ਰਵਰ ਵਜੋਂ ਉਤਰਾਖੰਡ ਭੇਜਿਆ ਸੀ ਤੇ ਇਨ੍ਹਾਂ ਦੋਵਾਂ ਨੇ ਉਤਰਾਖੰਡ ਦੇ ਵਿਧਾਇਕਾਂ ਤੇ ਪਾਰਲੀਮੈਂਟ ਮੈਂਬਰਾਂ ਨਾਲ ਗੱਲ ਕੀਤੀ ਸੀ। ਕਿਹਾ ਜਾਂਦਾ ਹੈ ਕਿ ਇਨ੍ਹਾਂ ਪਾਰਲੀਮੈਂਟ ਮੈਂਬਰਾਂ ਤੇ ਵਿਧਾਇਕਾਂ ਨੇ ਤ੍ਰਿਵੇਂਦਰ ਸਿੰਘ ਰਾਵਤ ਦੀ ਕਾਰਜਸ਼ੈਲੀ ਵਿਰੁੱਧ ਖੁੱਲ੍ਹੀ ਨਾਰਾਜ਼ਗੀ ਜ਼ਾਹਰ ਕੀਤੀ ਸੀ। ਛੱਤੀਸਗੜ੍ਹ ਦੇ ਸਾਬਕਾ ਭਾਜਪਾ ਮੁੱਖ ਮੰਤਰੀ ਰਮਨ ਸਿੰਘ ਬੀਤੇ ਸ਼ਨੀਵਾਰ ਦੇਹਰਾਦੂਨ ਵਿੱਚ ਕਈ ਵਿਧਾਇਕਾਂ ਨੂੰ ਮਿਲ ਕੇ ਇਸ ਬਾਰੇ ਉਨ੍ਹਾਂ ਦੀ ਰਾਏ ਲਈ ਤੇ ਇਸ ਦੀ ਰਿਪੋਰਟ ਨੂੰ ਪਾਰਟੀ ਪ੍ਰਧਾਨ ਨੱਢਾ ਨੂੰ ਸੌਂਪੀ ਸੀ। ਇਸ ਤੋਂ ਬਾਅਦ ਪਾਰਟੀ ਪ੍ਰਧਾਨ ਜੇ ਪੀ ਨੱਢਾ ਨੇ ਤ੍ਰਿਵੇਂਦਰ ਸਿੰਘ ਰਾਵਤ ਨੂੰ ਦਿੱਲੀਸੱਦਿਆ ਸੀ। ਸਾਲ 2017 ਦੀਆਂ ਚੋਣਾਂ ਵਿੱਚ ਭਾਜਪਾ ਨੇ ਉਤਰਾਖੰਡ ਤੋਂ 70 ਸੀਟਾਂ ਵਿੱਚੋਂ 57ਜਿੱਤੀਆਂ ਸਨ ਅਤੇ ਤ੍ਰਿਵੇਂਦਰ ਸਿੰਘ ਰਾਵਤ ਨੂੰ ਮੁੱਖ ਮੰਤਰੀ ਬਣਾਇਆ ਸੀ।

# ਸੁਖਪਾਲ ਸਿੰਘ ਖਹਿਰਾ ਦੇ ਪਿੰਡ ਤੇ ਚੰਡੀਗੜ੍ਹ ਵਾਲੇ ਘਰਾਂ ਉੱਤੇ ਈ ਡੀ ਵੱਲੋਂ ਛਾਪੇ

ਨਵੀਂ ਦਿੱਲੀ, 9 ਮਾਰਚ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੇ ਘਰ ਅੱਜ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਅਚਾਨਕ ਛਾਪਾ ਜਾ ਮਾਰਿਆ।

ਪਤਾ ਲੱਗਾ ਹੈ ਕਿ ਸੁਖਪਾਲ ਸਿੰਘ ਖਹਿਰਾ ਦੇ ਘਰ ਪਿੰਡ ਰਾਮਗੜ੍ਹ ਸਰਦਾਰਾਂ, ਜ਼ਿਲਾ ਕਪੂਰਥਲਾ ਵਿਖੇ ਮੰਗਲਵਾਰ ਸਵੇਰੇ ਈ ਡੀ ਦੀ ਟੀਮ ਪਹੁੰਚੀ ਅਤੇ ਹਰ ਚੀਜ਼ ਦੀ ਛਾਣਬੀਣ ਸ਼ੁਰੂ ਕਰ ਦਿੱਤੀ। ਇਸ ਮੌਕੇ ਸੁਖਪਾਲ ਸਿੰਘ ਖਹਿਰਾ ਕੋਲੋਂ ਵੀ ਪੁੱਛਗਿੱਛ ਕੀਤੀ ਤੇ ਕਈ ਦਸਤਾਵੇਜ਼ ਇਸ ਟੀਮ ਨੇ ਕਬਜ਼ੇ ਵਿੱਚ ਲੈ ਲਏ। ਇਸ ਮੌਕੇ ਖਬਰ ਆਈ ਕਿ ਉਸੇ ਵਕਤ ਚੰਡੀਗੜ੍ਹ ਵਿੱਚ ਵੀ ਸੁਖਪਾਲ ਸਿੰਘ ਖਹਿਰਾ ਦੇ ਘਰ ਈ ਡੀ ਦੀ ਟੀਮ ਨੇ ਛਾਪਾ ਮਾ-ਰਆ ਹੈ। ਫਿਰ ਦਿੱਲੀ ਤੋਂ ਪਤਾ ਲੱਗਾ ਕਿ ਈ ਡੀ ਟੀਮ ਓਥੇ ਸੁਖਪਾਲ ਸਿੰਘ ਖਹਿਰਾ ਦੇ ਧੀ-ਜਵਾਈ ਦੇ ਘਰ ਵੀ ਗਈ ਹੈ। ਜਾਣਕਾਰ ਸੂਤਰਾਂਦੇ ਮੁਤਾ-ਬਕ ਛਾਪੇਮਾਰੀ ਦੌਰਾਨ ਸੁਖਪਾਲ ਸਿੰਘ ਖਹਿਰਾ ਦੇ ਪਰਵਾਰ ਦੀ ਪ੍ਰਾਪਰਟੀ ਅਤੇ ਬੈਂਕਾਂ ਨਾਲ ਸਬੰਧਤ ਦਸਤਾਵੇਜ਼ ਈ ਡੀਟੀਮ ਨੇ ਵੇਖੇ ਅਤੇ ਇਸ ਬਾਰੇ ਲੰਮੀ-ਚੌੜੀ ਪੁੱਛਗਿੱਛ ਕੀਤੀ ਹੈ।

ਦੱਸਿਆ ਜਾ ਰਿਹਾ ਹੈ ਕਿਈ ਡੀ ਟੀਮ ਨੇ ਸੁਖਪਾਲ ਸਿੰਘ ਖਹਿਰਾ ਦੀ ਰਿਹਾਇਸ਼ ਉੱਤੇ ਮਨੀ ਲਾਂਡਰਿੰਗ ਦੇ ਦੋਸ਼ਾਂ ਹੇਠ ਛਾਪੇਮਾਰੀ ਕੀਤੀ ਹੈ, ਜਿਸ ਬਾਰੇ ਖਹਿਰਾ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕੋਈ ਮਨੀ ਲਾਂਡਰਿੰਗ ਨਹੀਂ ਕੀਤੀ। ਉਨ੍ਹਾ ਨੇ ਕਿਹਾ ਕਿ ਉਨ੍ਹਾਂ ਨੇ ਸਾਰੇ



ਕਾਗਜ਼ਾਤ ਅਧਿਕਾਰੀਆਂ ਦੇ ਪੇਸ਼ ਕਰ ਦਿੱਤੇ ਹਨ। ਪਿੰਡ ਰਾਮਗੜ੍ਹ ਵਿੱਚ ਸੁਖਪਾਲ ਸਿੰਘ ਖਹਿਰਾ ਦਾ ਘਰ ਸੀਲ ਕਰਨ ਦੇ ਨਾਲ ਫੋਨ ਵੀ ਜ਼ਬਤ ਕਰ ਲਏ ਗਏ ਹਨ। ਇਸ ਕਾਰਵਾਈ ਦੌਰਾਨਈ ਡੀਅਫਸਰਾਂ ਨੇ ਖਹਿਰਾ ਤੋਂ ਮਨੀ ਲਾਂਡਰਿੰਗ ਕੇਸਬਾਰੇ ਕਈ ਸਵਾਲ-ਜਵਾਬ ਵੀ ਕੀਤੇ। ਅੱਜ ਈ ਡੀਅਧਿਕਾਰੀਆਂ ਨੇ ਇਕ ਦਰਜਨ ਥਾਵਾਂ ਉੱਤੇ ਤਲਾਸ਼ੀ ਲਈ ਹੈ, ਜਿਨ੍ਹਾਂ ਵਿੱਚ ਸੁਖਪਾਲ ਸਿੰਘ ਖਹਿਰਾ ਦੀ ਪਿੰਡ ਰਾਮਗੜ੍ਹ ਦੀ ਰਿਹਾਇਸ਼ ਦੇ ਨਾਲ-ਨਾਲਪੰਜਾਬ ਦੀਆਂ 9 ਥਾਵਾਂ ਅਤੇ ਉਨ੍ਹਾਂ ਦੇ ਜਵਾਈ ਇੰਦਰਵੀਰ ਸਿੰਘ ਜੌਹਲ ਦੇ ਘਰ ਸਮੇਤ ਦਿੱਲੀਦੇ ਦੋ ਟਿਕਾਣੇ ਸ਼ਾਮਲ ਹਨ।

ਸੁਖਪਾਲ ਸਿੰਘ ਖਹਿਰਾ 2017 ਵਿੱਚ ਆਮ ਆਦਮੀ ਪਾਰਟੀ ਦੀ ਟਿਕਟ ਉੱਤੇ ਪੰਜਾਬ ਵਿਧਾਨ ਸਭਾ ਲਈ ਚੁਣੇ ਗਏ ਸਨ, ਪਰ ਬਾਅਦ ਵਿਚ ਮੱਤਭੇਦਾਂ ਕਾਰਨ ਉਨ੍ਹਾਂ ਨੇ ਪਾਰਟੀ ਛੱਡ ਕੇ ਆਪਣੀ ਵੱਖਰੀ 'ਪੰਜਾਬ ਏਕਤਾ ਪਾਰਟੀ' ਬਣਾ ਲਈ ਸੀ, ਜਿਸ ਵੱਲੋਂ ਉਨ੍ਹਾਂ ਨੇ ਸਾਲ 2019 ਵਿਚ ਲੋਕ ਸਭਾ ਚੋਣ ਵੀ ਲੜੀ, ਪਰ ਹਾਰ ਗਏ ਸਨ।

ਅੱਜ ਦੇ ਈ ਡੀ ਟੀਮ ਦੇ ਛਾਪੇ ਬਾਰੇ ਸੁਖਪਾਲ ਸਿੰਘ ਖਹਿਰਾ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਖਿਲਾਫ ਇਹ ਕਾਰਵਾਈ ਕਿਸਾਨਾਂ ਦੇ ਹੱਕ ਵਿਚ ਆਵਾਜ਼ ਚੁੱਕਣ ਕਰ ਕੇ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿਈ ਡੀ ਨੇ ਸਿਰਫ ਉਨ੍ਹਾਂ ਦੇ ਖ਼ਿਲਾਫ ਹੀ ਕਾਰਵਾਈ ਨਹੀਂ ਕੀਤੀ, ਭਾਰਤ ਸਰਕਾਰ ਦੇ ਖਿਲਾਫ ਬੋਲ ਰਹੀ ਫਿਲਮੀ ਹੀਰੋਇਨ ਤਾਪਸੀ ਪੰਨੂ, ਅਨੁਰਾਗ ਠਾਕੁਰ ਅਤੇ ਦਲਜੀਤ ਦੁਸਾਂਝ ਵਰਗਿਆਂ ਨੂੰ ਵੀ ਇਸ ਕਾਰਵਾਈ ਦਾ ਸਾਹਮਣਾ ਕਰਨਾ ਪਿਆ ਹੈ। ਖਹਿਰਾ ਨੇ ਇਸ ਮੌਕੇ ਸਾਫ਼ ਕਿਹਾ ਕਿ ਉਨ੍ਹਾਂ ਦੇ ਘਰੋਂ ਜਾਅਲੀ ਪਾਸਪੋਰਟ ਬਰਾਮਦ ਹੋਣ ਦੀ ਖ਼ਬਰਾਂ ਬੇਬੁਨਿਆਦਫੈਲਾਈਆਂ ਗਈਆਂ ਹਨ ਅਤੇ ਉਨ੍ਹਾਂ ਕੋਲੋਂ ਕੋਈ ਫਰਜ਼ੀ ਪਾਸਪੋਰਟ ਨਹੀਂ ਮਿਲਿਆ। ਖਹਿਰਾ ਮੁਤਾਬਕ ਮਨੀ ਲਾਂਡਰਿੰਗ ਦੇ ਦੋਸ਼ਹੇਠ ਛਾਪੇ ਮਾਰੇ ਗਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕੋਈ ਮਨੀ ਲਾਂਡਰਿੰਗ ਨਹੀਂ ਕੀਤੀ।

ਦੂਸਰੇ ਪਾਸੇ ਪੰਜਾਬ ਵਿਧਾਨ ਸਭਾ ਵਿੱਚ ਧਿਆਨ ਦਿਵਾਊ ਮਤੇ ਰਾਹੀਂ ਆਮ ਆਦਮੀ ਪਾਰਟੀ ਦੇ ਬਾਗੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੇ ਘਰ ਈ ਡੀ ਦੇ ਛਾਪੇ ਦਾ ਮੁੱਦਾ ਵਿਧਾਨ ਸਭਾ ਵਿੱਚ-ਚੁੱਕਿਆ ਗਿਆ ਤੇ ਅਕਾਲੀ ਦਲ ਦੇ ਬਾਗ਼ੀ ਵਿਧਾਇਕ ਪਰਮਿੰਦਰ ਸਿੰਘ ਢੀਂਡਸਾ ਨੇ ਮੰਗ ਕੀਤੀ ਕਿ ਖਹਿਰਾ ਦੇ ਸਮੱਰਥਨ ਵਿੱਚਅਸੈਂਬਲੀ ਵਿੱਚ ਮਤਾ ਪਾਸ ਕੀਤਾ ਜਾਵੇ। ਮੰਤਰੀ ਚਰਨਜੀਤ ਸਿੰਘ ਚੰਨੀ ਤੇ ਆਮ ਆਦਮੀ ਪਾਰਟੀ ਦੇ ਬਾਗ਼ੀ ਵਿਧਾਇਕ ਕੰਵਰ ਸੰਧੂ ਨੇ ਪਰਮਿੰਦਰ ਸਿੰਘਢੀਂਡਸਾ ਦਾ ਸਮਰਥਨ ਕੀਤਾ। ਕੰਵਰ ਸੰਧੂ ਨੇ ਕਿਹਾ ਕਿ ਇਸ ਸਦਨ ਨੂੰ ਮਤਾ ਪਾਸ ਕਰਨਾ ਚਾਹੀਦਾ ਹੈ ਕਿ ਜੇ ਈਡੀ ਅਧਿਕਾਰੀਆਂ ਨੇ ਪੰਜਾਬ ਵਿੱਚ ਕਿਤੇ ਪੜਤਾਲ ਕਰਨੀ ਹੈ ਤਾਂ ਪਹਿਲਾਂ ਪੰਜਾਬ ਸਰਕਾਰ ਦੀ ਮਨਜ਼ੂਰੀ ਲਈ ਜਾਵੇਗੀ।

Steinmetz & Associates
PERSONAL INJURY LAWYERS
Harry Steinmetz
Certified as Specialist by the Law Society of Ontario in Civil Litigation
(with over 27yrs. of experience)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
BOBBY SIDHU
partner
(Serving the Community for Over 16 yrs.)
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS
Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਕਿਸਾਨਾਂ ਨੂੰ ਫਸਲਾਂ ਦੀ ਸਿੱਧੀ ਅਦਾਇਗੀ ਦਾ ਮੁੱਦਾ ਭਾਰਤੀ ਪਾਰਲੀਮੈਂਟ ਵਿੱਚ ਗੂੰਜਿਆ

ਨਵੀਂ ਦਿੱਲੀ, 9 ਮਾਰਚ, (ਪੋਸਟ ਬਿਊਰੋ)- ਲੋਕ ਸਭਾ ਵਿੱਚਬਠਿੰਡਾ ਹਲਕੇ ਤੋਂ ਪਾਰਲੀਮੈਂਟ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਖੇਤੀ ਕਾਨੂੰਨਾਂਅਤੇ ਭਾਰਤੀ ਖੁਰਾਕ ਨਿਗਮ (ਐੱਫ ਸੀ ਆਈ) ਵੱਲੋਂ ਕਿਸਾਨਾਂ ਦੀਆਂ ਫਸਲਾਂ ਦੀ ਅਦਾਇਗੀ ਲਈ ਜ਼ਮੀਨ ਦੇ ਰਿਕਾਰਡ ਮੰਗਣ ਦਾ ਮੁੱਦਾ ਚੁੱਕਿਆ। ਉਨ੍ਹਾ ਨੇ ਕਿਹਾ ਕਿ ਇੱਕ ਪਾਸੇ ਖੇਤੀ ਕਾਨੂੰਨਾਂ ਦੇ ਵਿਰੁੱਧ ਕਿਸਾਨ ਦਿੱਲੀਦੇ ਬਾਰਡਰਾਂ ਉੱਤੇ ਬੈਠੇ ਹਨ ਤੇ ਸਰਕਾਰ ਉਨ੍ਹਾਂ ਦੀ ਕੋਈ ਗੱਲ ਸੁਣ ਨਹੀਂ ਰਹੀ, ਦੂਸਰੇ ਪਾਸੇ ਐੱਫ ਸੀ ਆਈਨੇ ਨਵਾਂ ਫਰਮਾਨ ਜਾਰੀ ਕਰ ਦਿੱਤਾਹੈ ਕਿ ਜਿਹੜੇ ਕਿਸਾਨ ਆਪਣੀ ਜ਼ਮੀਨ ਮਾਲਕੀ ਦਾ ਰਿਕਾਰਡ

*** ਹਰਸਿਮਰਤ ਕੌਰ ਬਾਦਲ ਨੇ ਗੰਭੀਰ ਸਵਾਲ ਉਠਾਏ**

ਵੈੱਬਸਾਈਟ ਉੱਤੇਪੇਸ਼ ਨਹੀਂ ਕਰਨਗੇ, ਐੱਫ ਸੀ ਆਈ ਉਨ੍ਹਾਂ ਦੀ ਫਸਲ ਦੀ ਸਰਕਾਰੀ ਖਰੀਦ ਨਹੀਂ ਕਰੇਗੀ।

ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਇਸ ਤੋਂ ਸਾਫ ਹੈ ਕਿ ਕੇਂਦਰ ਸਰਕਾਰ ਸਿੱਧਾ ਦਖਲ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਬਹੁਤ ਗੰਭੀਰ ਮੁੱਦਾਹੈ ਅਤੇ ਇਸ ਵਿੱਚ ਖੇਤੀ ਕਾਨੂੰਨਾਂ ਬਾਰੇ ਕੇਂਦਰ ਅਤੇ ਰਾਜ ਸਰਕਾਰ ਦੀ ਮਿਲੀਭੁਗਤ ਦਿਖਾਈ ਦੇਂਦੀ ਹੈ। ਉਨ੍ਹਾਂ ਕਿਹਾ ਕਿ ਕੇਂਦਰ



ਸਰਕਾਰ ਨੇ ਕਿਹਾ ਹੈ ਕਿ ਸਿਰਫ ਉਨ੍ਹਾਂ ਕਿਸਾਨਾਂ ਦੀ ਕਣਕ ਖਰੀਦ ਕੀਤੀ ਜਾਵੇਗੀ, ਜਿਹੜੇ ਆਪਣੀ ਜ਼ਮੀਨ ਦੀ ਮਾਲਕੀ ਦਾ ਰਿਕਾਰਡ ਵੈੱਬਸਾਈਟ ਉੱਤੇ ਅਪਲੋਡ ਕਰਨਗੇ। ਹਰਸਿਮ-ਰਤ ਕੌਰ ਨੇ ਕਿਹਾ ਕਿ ਜਿਨ੍ਹਾਂ ਲੋਕਾਂ ਕੋਲ ਜ਼ਮੀਨ ਦੀ ਮਾਲਕੀ ਨਹੀਂ ਤੇ ਠੇਕੇ ਉੱਤੇ ਜ਼ਮੀਨ ਲੈ ਕੇ ਖੇਤੀ ਕਰਦੇ ਹਨ, ਉਨ੍ਹਾਂ ਨੂੰ ਫਸਲ ਦੀ ਅਦਾਇਗੀ ਨਹੀਂ ਹੋਣੀ ਤਾਂ ਉਹ ਲੋਕ ਆਪਣੀ ਫਸਲ ਕਿੱਥੇ ਵੇਚਣਗੇ। ਉਨ੍ਹਾ ਕਿਹਾ ਕਿ ਕਿਸਾਨ ਡਰੇ ਹੋਏ ਹਨ ਅਤੇ ਇਸ ਵਿੱਚ ਪੰਜਾਬ ਦੀਕਾਂਗਰਸ ਤੇ ਕੇਂਦਰ ਦੀ ਭਾਜਪਾ ਸਰਕਾਰ ਮਿਲ ਕੇ ਕਿਸਾਨਾਂ ਨਾਲ ਧੋਖਾ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅੱਜ ਕਾਂਗਰਸ ਐਮਪੀ ਪਾਰਲੀਮੈਂਟਵਿੱਚ ਚੁੱਪ ਬੈਠੇ ਸਨ। ਇਸ ਬਾਰੇ ਸਪੀਕਰ ਨੇ ਮਨੀਸ਼ ਤਿਵਾੜੀ ਨੂੰ ਪਾਰਲੀਮੈਂਟਵਿੱਚ ਸਵਾਲ ਪੁੱਛਣ ਦਾ ਮੌਕਾ ਦਿੱਤਾ ਸੀ, ਪਰ ਉਹ ਸਵਾਲ ਪੁੱਛਣ ਤੋਂ ਭੱਜ ਗਏ ਤੇ ਮੁੱਦਾ ਨਹੀਂ ਚੁੱਕਿਆ।

ਇਸ ਦੌਰਾਨ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ 'ਮੈਂ ਕੈਪਟਨ ਸਾਹਿਬ ਨੂੰ ਪੁੱਛਦੀ ਹਾਂ ਕਿ ਕੇਂਦਰ ਸਰਕਾਰ ਦੀ ਇਹ ਚਿੱਠੀ ਦੱਸਦੀ ਹੈ ਕਿ ਅਗਸਤ 2020 ਵਿੱਚ ਪੰਜਾਬ ਦੇ ਵਿੱਤ ਮੰਤਰੀ ਅਤੇ ਖੁਰਾਕ ਸਪਲਾਈ ਮੰਤਰੀ ਨਾਲ ਕੇਂਦਰ ਸਰਕਾਰ ਦੀ ਮੀਟਿੰਗ ਹੋਈ ਸੀ, ਜਿਥੇਉਹ ਲੈਂਡ ਰਿਕਾਰਡ ਜਮ੍ਹਾਂ ਕਰਾਉਣ ਬਾਰੇ ਭਾਰਤ ਸਰਕਾਰ ਨੂੰ ਸਹਿਮਤੀ ਦੇ ਆਏ ਹਨ। ਇਸ ਤਰ੍ਹਾਂ ਕੇਂਦਰ ਸਰਕਾਰ ਦੇ ਫੈਸਲੇ ਲਈ ਕੈਪਟਨ ਸਰਕਾਰ ਵੀ ਜ਼ਿੰਮੇਵਾਰ ਹੈ।

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, Angrez Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਭਾਰਤ ਦੀ ਕੋਰੋਨਾ ਵੈਕਸੀਨ ਸੁਰੱਖਿਅਤ ਪਾਈ ਗਈ, ਗੰਭੀਰ ਸਾਈਡ-ਇਫੈਕਟ ਕੋਈ ਨਹੀਂ

ਨਵੀਂ ਦਿੱਲੀ, 9 ਮਾਰਚ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਮੁਕਾਬਲੇ ਲਈ ਭਾਰਤ ਵਿੱਚ ਬਣੀ ਪਹਿਲੀ ਵੈਕਸੀਨ 'ਕੋਵੈਕਸੀਨ' ਸੁਰੱਖਿਅਤ ਸਾਬਤ ਹੋਈ ਹੈ ਤੇ ਇਹ ਇਮਿਊਨ ਰਿਸਪਾਂਸ ਨੂੰ ਵਧਾਉਣ ਵਿੱਚ ਵੀ ਅਸਰਦਾਰ ਸਾਬਤ ਹੋਈ ਹੈ। ਇਸ ਟੀਕੇ ਦਾ ਕੋਈ ਗੰਭੀਰ ਸਾਈਡ-ਇਫੈਕਟ ਵੀ ਸਾਹਮਣੇ ਨਹੀਂ ਆਇਆ।

ਅੱਜ ਭਾਰਤ ਬਾਇਓਟੈੱਕ ਦੀ ਇਸ ਵੈਕਸੀਨ ਦੇ ਦੂਸਰੇ ਪੜਾਅ ਦੇ ਟ੍ਰਾਇਲ ਦੇ ਨਤੀਜਿਆਂਤੋਂ ਇਹ ਪਤਾ ਲੱਗਾ ਹੈ। ਇਸ ਟ੍ਰਾਇਲ ਦੀ ਅੰਤ੍ਰਿਮ ਰਿਪੋਰਟ ਲੈਸੈਂਟ ਮੈਗਜ਼ੀਨਨੇਛਾਪੀ ਹੈ, ਜਿਸਮੁਤਾਬਕ ਪਹਿਲੇ ਪੜਾਅ ਦੇ ਕਲੀਨੀਕਲ ਟ੍ਰਾਇਲ ਦੇ ਮੁਕਾਬਲੇ ਦੂਸਰੇ ਪੜਾਅ ਵਿੱਚ ਕੋਵੈਕਸੀਨ ਵੱਧ ਅਸਰਦਾਰ ਨਿਕਲੀ ਹੈ। ਇਸ ਪੜਾਅ ਵਿੱਚ ਸਿਰਫ 380 ਲੋਕਾਂ ਉੱਤੇ ਟੈਸਟਿੰਗ ਕੀਤੀ ਗਈ ਤੇ ਇਹ ਵੈਕਸੀਨ ਕਿੰਨੀ

*** ਪਾਕਿਸਤਾਨ ਨੂੰ ਵੀ ਭਾਰਤ ਵੈਕਸੀਨ ਦੀਆਂ 45 ਮਿਲੀਅਨ ਡੋਜ਼ ਦੇਵੇਗਾ**

ਜ਼ਿਆਦਾ ਅਸਰਦਾਰ ਹੈ, ਇਸ ਦਾ ਪਤਾ ਤੀਸਰੇ ਟ੍ਰਾਇਲ ਦੇ ਨਤੀਜੇ ਆਉਣ ਤੋਂ ਲੱਗੇਗਾ। ਭਾਰਤ ਬਾਇਓਟੈੱਕ ਕੰਪਨੀ ਨੇ ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ (ਆਈਸੀਐੱਮਆਰ) ਨਾਲ ਮਿਲ ਕੇ ਇਹ ਵੈਕਸੀਨ ਬਣਾਈ ਹੈ।

ਇਸ ਦੌਰਾਨ ਪਤਾ ਲੱਗਾ ਹੈ ਕਿ ਭਾਰਤ ਵਿਚ ਬਣਾਈ ਕੋਰੋਨਾ ਦੀਆਂ 45 ਮਿਲੀਅਨ ਡੋਜ਼ ਵੈਕਸੀਨ ਪਾਕਿਸਤਾਨ ਨੂੰ ਦਿੱਤੀਆਂ ਜਾਣਗੀਆਂ। ਪਾਕਿਸਤਾਨ ਨੂੰ ਇਹ ਵੈਕਸੀਨਸਤੰਬਰ 2020 ਵਿਚ ਸਾਈਨ ਕੀਤੇ ਗਏ ਸਮਝੌਤੇ ਹੇਠ ਦਿੱਤੀ ਜਾਵੇਗੀ, ਜਿਸ ਹੇਠ ਬਾਕੀ ਦੇਸ਼ਾਂ ਨੂੰ ਦਿੱਤੀ ਜਾਣੀ ਹੈ। ਇਸੇ ਮਹੀਨੇ ਕਰੀਬ 16 ਮਿਲੀਅਨ ਵੈਕਸੀਨ ਪਾਕਿ-ਸਤਾਨ ਪਹੁੰਚ ਜਾਣਗੀਆਂ ਤੇ ਜੂਨ ਤਕ 45 ਮਿਲੀਅਨ ਡੋਜ਼ ਪਾਕਿਸਤਾਨ ਨੂੰ ਮਿਲ ਜਾਣਗੀਆਂ। ਪਾਕਿਸਤਾਨ ਨੂੰ ਸੀਰਮ ਇੰਸਟੀਚਿਊਟ ਦੀ ਵੈਕਸੀਨ ਕੋਵਿਸ਼ੀਲਡ ਦਿੱਤੀ ਜਾਵੇਗੀ। ਇਸ ਬਾਰੇ ਪਾਕਿ-ਸਤਾਨ ਦੇ ਨੈਸ਼ਨਲ ਹੈੱਲਥ ਸਰਵਿਸਦੇ ਸੈਕਟਰੀ ਆਮਿਰ ਅਸ਼ਰਫ ਖ਼ਵਾਜ਼ਾ ਨੇ ਪਬਲਿਕ ਅਕਾਊਂਟਸ ਕਮੇਟੀ ਨੂੰ ਦੱਸਿਆ ਕਿ ਇਸ ਦੇਸ਼ ਨੂੰ ਭਾਰਤ ਦੀ ਬਣੀ ਕੋਰੋਨਾ ਵੈਕਸੀਨ ਇਸੇ ਮਹੀਨੇ ਮਿਲੇਗੀ। ਖ਼ਵਾਜ਼ਾ ਨੇ ਕਿਹਾ ਕਿ ਹਾਲੇ ਤਕ ਪਾਕਿਸਤਾਨ ਵਿੱਚ 27.5 ਮਿਲੀਅਨ ਲੋਕਾਂ ਨੂੰ ਕੋਰੋਨਾ ਦੀ ਵੈਕਸੀਨ ਦਿੱਤੀ ਗਈ ਹੈ। ਪਾਕਿਸਤਾਨ ਨੇ ਅਜੇਚਾਰ ਵੈਕਸੀਨ, ਸਿਨੋਫਰਾਮ (ਚੀਨ), ਆਕਸਫੋਰਡ-ਅਸਟ੍ਰਾਜੇਨੇਕਾ (ਬ੍ਰਿਟੇਨ), ਸਪੂਤਨਿਕ-ਵੀ (ਰੂਸ) ਅਤੇ ਕੈਨਸਿਨੋ ਬਾਯੋ (ਚੀਨ) ਦੀ ਦਵਾਈ ਦਾ ਰਜਿਸਟਰੇਸ਼ਨ ਕੀਤਾ ਹੈ।

## 1971 ਦੌਰਾਨ ਸ਼ਹੀਦ ਸੈਨਿਕਾਂ ਦੇ ਮਾਪੇ/ਕੁਦਰਤੀ ਵਾਰਸ/ਨਕਾਰਾ ਸੈਨਿਕ ਆਪਣੇ ਅਸਲ ਦਸਤਾਵੇਜ਼ਾਂ ਸਮੇਤ ਰੱਖਿਆ ਸੇਵਾਵਾਂ ਦਫ਼ਤਰ ਵਿਖੇ ਪਹੁੰਚਣ

**ਜ਼ਮੀਨ ਦਾ ਲਾਭ ਲੈਣ ਲਈ ਸਮੇਂ ਸਿਰ ਅਪਲਾਈ ਕਰਨ ਤੇ ਵੀ ਲਾਭ ਨਾ ਮਿਲਣ ਵਾਲੇ ਕੇਸਾਂ ਨੂੰ ਦੁਬਾਰਾ ਵਿਚਾਰਿਆ ਜਾਵੇਗਾ**

ਮੋਗਾ, 9 ਮਾਰਚ (ਗਿਆਨ ਸਿੰਘ) ਸਾਲ 1971 ਦੌਰਾਨ ਪਾਕਿਸਤਾਨ ਨਾਲ ਹੋਈ ਲੜਾਈ ਦੌਰਾਨ ਪੱਕੇ ਨਕਾਰਾ ਹੋਏ ਸੈਨਿਕਾਂ ਅਤੇ ਕੁਆਰੇ ਸ਼ਹੀਦ ਸੈਨਿਕਾਂ ਦੇ ਮਾਪੇ ਜਾਂ ਕੁਦਰਤੀ ਵਾਰਸਾਂ ਜਿੰਨਾਂ ਵੱਲੋਂ ਜਮੀਨ ਦੀ ਮੰਗ ਲਈ ਸਮੇ ਸਿਰ ਅਪਲਾਈ ਤਾਂ ਕੀਤਾ ਸੀ ਪ੍ਰੰਤੂ ਲਾਭ ਨਹੀਂ ਮਿਲਿਆ, ਉਹਨਾ ਕੁਆਰੇ ਸ਼ਹੀਦਾਂ ਦੇ ਮਾਤਾ ਪਿਤਾ ਅਤੇ ਪੱਕੇ ਨਕਾਰਾ ਸੈਨਿਕਾਂ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਮੋਗਾ ਲੈਫ ਕਰਨਲ ਪਰਮਿੰਦਰ ਸਿੰਘ ਬਾਜਵਾ (ਰਿਟਾ:) ਵੱਲੋ ਦੱਸਿਆ ਗਿਆ ਕਿ ਸ਼ਹੀਦ ਸੈਨਿਕ ਦੇ ਮਾਤਾ ਪਿਤਾ ਜਾਂ ਨਕਾਰਾ ਸੈਨਿਕ 12 ਮਾਰਚ 2021 ਤੱਕ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ ਮੋਗਾ ਵਿਖੇ ਆਪਣੇ ਦਸਤਾਵੇਜਾਂ ਸਮੇਤ ਪਹੁੰਚ ਕਰ ਸਕਦੇ ਹਨ ਤਾਂ ਕਿ ਉਨ੍ਹਾਂ ਨੂੰ ਵੀ ਇਸ ਜਰੀਏ ਸਰਕਾਰੀ ਸਕੀਮ ਦਾ ਬਣਦਾ ਲਾਭ ਦਿਵਾਇਆ ਜਾ ਸਕੇ।

ਉਨ੍ਹਾਂ ਜ਼ਿਲ੍ਹੇ ਦੇ ਕੁਆਰੇ ਸ਼ਹੀਦ ਸੈਨਿਕਾਂ ਦੇ ਮਾਤਾ ਪਿਤਾ ਅਤੇ ਨਕਾਰਾ ਹੋਏ ਸੈਨਿਕਾਂ ਨੂੰ ਅਪੀਲ ਕੀਤੀ ਕਿ ਉਹ 12 ਮਾਰਚ, 2021 ਤੱਕ ਇਸ ਦਫ਼ਤਰ ਵਿਖੇ ਪਹੁੰਚ ਕੇ ਵੱਧ ਤੋਂ ਵੱਧ ਲਾਹਾ ਲੈਣ। ਇਸ ਮਿਤੀ ਤੋਂ ਬਆਦ ਵਾਲੇ ਕੇਸਾਂ ਨੂੰ ਨਹੀਂ ਵਿਚਾਰਿਆ ਜੇਵਗਾ।

A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

ਨੈਨੀ ਦੀ ਲੋੜ
Queen and credit view area ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।
ਸੰਪਰਕ: 416-556-6884

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005



- AZ Tractor trailer program
- Manual transmission & backup training everyday
- We welcome welfare workers & compensation clients

Open Seven Days

Forklift Re-Certification Only $79.00/-



Karnail Singh
416.670.3173 | 905.799.7333
27 Edvac Dr, Brampton, ON L6S 5X8

Visions of Punjab



VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

PUNJABI RANG RADIO




CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਥਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224





KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com
Looking For a Nest..? Call the Best




CLOSING IN APRIL 2021

| Bedroom | Bathroom |
|---|---|
| 4 | 2+1 |
| Size (Sq.Ft.) | Home Details |
| 2455 | 42' |

EXCLUSIVE FOR SALE IN WOODSTOCK



CLOSING IN APRIL 2021

| Bedroom | Bathroom |
|---|---|
| 4 | 2+1 |
| Size (Sq.Ft.) | Home Details |
| 2250 | 36' |

FOR SALE
EXCLUSIVE
JAMES C

KAMAL SANDHU RE/MAX GOLD REALTY INC BROKERAGE

# Resilience and dedication – the mantras for women to rise to the top

## ICCC's 9th International Women's Day Celebrations bring together talented women leaders


Vasudha Seth


BCrombie-M


ASrivastava-2


Mary Ng


Lisa_Lisson.1

The Indo-Canada Chamber of Commerce organized its 9th Annual International Women's Day Celebrations. The program featured high-powered, high-achieving women leaders from the corporate, government, and diplomatic spheres.

Lisa Lisson, President, FedEx Express Canada, in her keynote address highlighted the significance of the International Women's Day, emphasizing that it is on this day that women are recognized for their achievements without regard to division whether national, ethnic, cultural, economic, or political. But importantly the day marks the acknowledgement of women's rights and accelerating gender parity. Some of the women's day values are justice, dignity, hope, equality, collaboration, tenacity, appreciation, respect, and empathy.

Emphasizing the need to develop resilience, Ms. Lisson said, "I have learnt that we are all born with a resilient muscle and it is up to us to decide if we want to strength it. They say that what doesn't break you, makes you stronger, but I have come to realise that there is an X factor in there. We all need to strength our resilient muscle when life doesn't go according to our plan because adversity in some form or another is just a fact of life. Some of the factors that make a person resilient are maintaining a positive attitude, being optimistic, being mindful, regulating our thoughts and emotions, the ability to look for life lessons during tough times, and believing that there are brighter days ahead even when we are not sure how."

Ms. Lisson then shared her story of how she overcame tragedy when her husband had a heart attack and could not recover from it. She confesses that grief hit her harder than she thought it would. Her mother helped her overcome the tragedy by a simple advice: Life is not what happens to you, but what you choose to do with what happens to you.

In her special address, as the Guest of Honour, Hon. Mary Ng, Canada's Minister of Small Business, Export Promotion and International Trade, said, the International Women's Day is the time to reinforce the government's commitment to gender equality. This is a key agenda for the government and there is still more work to be done to ensure equal participation of women in every sphere – from board rooms to businesses to classrooms and community centres. "Supporting women is the smartest thing that we can do, by advancing gender equality we can add $150 billion to our economy, and $12 trillion to the world economy."

The speeches were followed by a panel discussion on the topic: Women Leaders: What it takes to reach the top and stay at the top. Sangita Iyer, an independent documentary filmmaker and positive psychology expert moderated the discussion. Apoorva Srivastava, the Consul General of India in Toronto; Her Worship Bonnie Crombie, the Mayor of Mississauga; and Vasudha Seth, the Director of Sales at ArcelorMittal Dofasco and the Vice Chair at Ontario Chamber of Commerce were the panelists.

Introducing the panel discussion, Iyer said, women Leaders face a glass ceiling in their rise to the upper echelons of their career ladder – whether in the corporate world, or in government or in bureaucracy. This is an undeniable fact that persists despite enactment of legislations globally to empower women.

In her opening statement, Apoorva Srivastava said, "The diplomat's profession is immensely enriching. It is a journey of experience, enrichment, you get to travel a lot, stay in a country for three years, you get the opportunity to absorb a culture, make lifelong friends. To be a part of foreign service, you have to learn a language, and I learnt French, which led to a posting in Paris. This was followed by a posting in Kathmandu and then when the Indian Ambassador to Nepal was posted to Paris, he took me and my husband, who was also serving in Kathmandu to Paris. Thereafter, I had an immensely successful and fruitful stint as the staff officer with Sushma Swaraj and then with Dr. Jaishankar before I came here."

Mayor Bonnie Crombie said that her path to the top was accidental, but once she had chosen the path, she was determined to reach the top. She became the Liberal candidate for Streetsville, and won the Parliamentary election, but took an early retirement from the House of Commons. It was then that Hazel McCallion approached her to contest the councillor polls, which she won, and then when Hazel McCallion decided to retire, Bonnie Crombie ran and won the Mayoral polls, and was re-elected.

Vasudha Seth said, "Since I began, there has been a tremendous change in the demographic of the company, there are a lot more women in the professional and manufacturing spheres of the company. An important part of my journey was realizing fairly early on that even though I had studied engineering, it wasn't the best fit for me, and I decided to push myself further and do my MBA. So, an important lesson is to be open minded."

Mayank Bhatt
Executive Director

## ਨੌਜਵਾਨਾਂ ਨੂੰ ਅੱਗੇ ਵਧਣ ਦੇ ਵਧੀਆ ਮੌਕੇ ਪ੍ਰਦਾਨ ਕਰੇਗਾ ਬਰੈਂਪਟਨ ਸਾਊਥ ਦਾ "ਯੂਥ ਹੱਬ" ਪ੍ਰਾਜੈਕਟ : ਸੋਨੀਆ ਸਿੱਧੂ

**"ਇਨਫ੍ਰਾਸਟ੍ਰਕਚਰ ਮੰਤਰੀ ਕੈਥਰੀਨ ਮੈਕੇਨਾ ਦੀ ਤਰਫੋਂ ਸੋਨੀਆ ਸਿੱਧੂ ਨੇ ਬਰੈਂਪਟਨ ਸਾਊਥ ਦੇ ਸਾਊਥ ਫਲੈਚਰ ਸਪੋਰਟਸ ਕੰਪਲੈਕਸ 'ਚ "ਯੂਥ ਹੱਬ" ਬਣਾਉਣ ਲਈ ਫੰਡਿੰਗ ਦਾ ਐਲਾਨ ਕੀਤਾ"**



ਬਰੈਂਪਟਨ - ਪਿਛਲੇ ਹਫਤੇ ਬਰੈਂਪਟਨ ਸਾਊਥ ਤੋਂ ਸੰਸਦ ਮੈਂਬਰ, ਸੋਨੀਆ ਸਿੱਧੂ, ਨੇ ਇਨਫ੍ਰਾਸਟ੍ਰਕਚਰ ਮੰਤਰੀ ਕੈਥਰੀਨ ਮੈਕੇਨਾ ਦੀ ਤਰਫੋਂ, ਬਰੈਂਪਟਨ ਸਾਊਥ ਦੇ ਸਾਊਥ ਫਲੈਚਰ ਸਪੋਰਟਸਕੰਪਲੈਕਸ ਵਿੱਚ ਇੱਕ ਨਵਾਂ ਯੂਥ ਹੱਬ ਬਣਾਉਣ ਲਈ ਫੰਡਿੰਗ ਦੇਣ ਦਾ ਐਲਾਨ ਕੀਤਾ ਹੈ। ਕੈਨੇਡਾ ਫੈਡਰਲ ਲਿਬਰਲ ਸਰਕਾਰ ਵੱਲੋਂ ਇਸ ਪ੍ਰਾਜੈਕਟ ਲਈ ਕਮਿਊਨਟੀ, ਕਲਚਰ ਐਂਡ ਰੀਕ੍ਰੇਸ਼ਨ ਇਨਫ੍ਰਾਸਟ੍ਰਕਚਰ ਸਟ੍ਰੀਮ (ਸੀਸੀਆਰਆਈਐਸ) ਤਹਿਤ $565,000 ਦਾ ਨਿਵੇਸ਼ ਕੀਤਾ ਜਾ ਰਿਹਾ ਹੈ।

ਇਸ ਸਬੰਧੀ ਗੱਲ ਕਰਦਿਆਂ ਬਰੈਂਪਟਨ ਸਾਊਥ ਤੋਂ ਸੰਸਦ ਮੈਂਬਰ ਸੋਨੀਆ ਸਿੱਧੂ ਨੇ ਕਿਹਾ ਕਿ "ਨੌਜਵਾਨਾਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਦੀ ਬਿਹਤਰੀ ਲਈ ਉਹਨਾਂ ਨੂੰ ਲੋੜੀਂਦੇ ਸਾਧਨ ਮੁਹੱਈਆ ਕਰਵਾਉਣਾ ਬਹੁਤ ਜ਼ਰੂਰੀ ਹੈ।ਉਹਨਾਂ ਨੇ ਕਿਹਾ ਕਿ ਕੋਵਿਡ-19 ਦੌਰਾਨ ਜਿੱਥੇ ਸਾਰਿਆਂ ਨੂੰ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਹੈ, ਉਥੇ ਹੀ ਸਾਡੇ ਨੌਜਵਾਨਾਂ ਦੀ ਮਾਨਸਿਕ ਸਿਹਤ 'ਤੇ ਵੀ ਇਸਦਾ ਅਸਰ ਪਿਆ ਹੈ।

"ਇਸ ਕਾਰਨ ਇਹ ਬਹੁਤ ਜ਼ਰੂਰੀ ਸੀ ਕਿ ਜਿਵੇਂ ਹੀ ਅਸੀਂ ਕੋਵਿਡ-19 ਤੋਂ ਰਿਕਵਰੀ ਵੱਲ ਨੂੰ ਵੱਧਦੇ ਹਾਂ ਅਤੇ ਹਾਲਾਤ ਪਹਿਲਾਂ ਨਾਲੋਂ ਬਿਹਤਰ ਹੁੰਦੇ ਹਨ, ਤਾਂ ਉਹਨਾਂ ਨੂੰ ਕਮਿਊਨਟੀ ਨਾਲ ਕੁਨੈਕਟ ਕਰਨ, ਭਵਿੱਖ, ਪੜ੍ਹਾਈ ਅਤੇ ਕੰਮ-ਕਾਜ ਨੂੰ ਲੈਕੇ ਆਪਣੇ ਵਿਚਾਰ ਅਤੇ ਸਲਾਹ-ਮਸ਼ਵਰੇ ਸਾਂਝੇ ਕਰਨ, ਸਰੀਰਕ ਕਸਰਤ ਕਰਨ ਦੇ ਨਾਲ ਹੋਰ ਸਾਰਥਕ ਗਤੀਵਿਧੀਆਂ ਲਈ ਅਜਿਹੀ ਜਗ੍ਹਾ ਮੁਹੱਈਆ ਕਰਵਾਈ ਜਾਵੇ, ਜੋ ਅਨੁਕੂਲ ਅਤੇ ਸੁਰੱਖਿਅਤ ਹੋਵੇ । ਇਹੀ ਕਾਰਨ ਹੈ ਕਿ ਸਾਊਥ ਫਲੈਚਰ ਸਪੋਰਟਸਕੰਪਲੈਕਸ ਵਿੱਚ ਨੌਜਵਾਨਾਂ ਲਈ "ਯੂਥ ਹੱਬ" ਦਾ ਨਿਰਮਾਣ ਕੀਤਾ ਜਾ ਰਿਹਾ ਹੈ, ਜਿਸ ਲਈ ਕੈਨੇਡਾ ਫੈੱਡਰਲ ਸਰਕਾਰ ਵੱਲੋਂ $565,000 ਦੀ ਫੰਡਿੰਗ ਦੇਣ ਦਾ ਐਲਾਨ ਕੀਤਾ ਗਿਆ ਹੈ। "

ਉਹਨਾਂ ਨੇ ਕਿਹਾ ਰਾਇਰਸਨ ਸਾਈਬਰਕਿਸਓਰਟੀ ਕੈਟਾਲਿਸਟ ਹੱਬ ਤੋਂ ਬਾਅਦ "ਯੂਥ ਹੱਬ" ਪ੍ਰਾਜੈਕਟ ਦਾ ਪ੍ਰਾਜੈਕਟ ਆਉਣਾ ਬਰੈਂਪਟਨ ਸਾਊਥ ਅਤੇ ਆਸ-ਪਾਸ ਦੇ ਇਲਾਕੇ ਦੇ ਨੌਜਵਾਨਾਂ ਲਈ ਬਹੁਤ ਵਧੀਆ ਗੱਲ ਹੈ । ਸੋਨੀਆ ਸਿੱਧੂ ਨੇ ਕਿਹਾ ਕਿ ਉਹ ਆਉਣ ਵਾਲੇ ਸਮੇਂ ਵਿੱਚ ਵੀ ਅਜਿਹੇ ਹੋਰ ਕਈ ਪ੍ਰਾਜੈਕਟ ਲਿਆਉਣ ਦੀ ਕੋਸ਼ਿਸ਼ ਕਰਦੇ ਰਹਿਣਗੇ।

## ਨਾਰੀ ਸੁਸ਼ਕਤੀਕਰਨ ਦੀ ਅਸਲ ਮਿਸਾਲ ਮਾਈ ਭਾਗੋ

ਮੈਂ ਆਪਣੇ ਆਪ ਨੂੰ ਭਾਗਾਂ ਵਾਲੀ ਮੰਨਦੀ ਹਾਂ ਕਿ ਅਸੀਂ ਬਹੁਤ ਹੀ ਅਮੀਰ ਤੇ ਦੁਨੀਆਂ ਦੇ ਸਿਰਮੌਰ ਇਤਹਾਸ ਦੇ ਵਾਰਿਸ ਹਾਂ।ਜੇਕਰ ਕਿਸੇ ਨੇ ਨਾਰੀ ਸੁਸ਼ਕਤੀਕਰਨ ਦੀ ਉਦਹਾਰਣਾਂ ਲੈਣੀਆਂ ਹੋਣ ਤਾਂ ਇੱਕ ਵਾਰ ਉਹਨਾਂ ਨੂੰ ਸਿੱਖ ਇਤਹਾਸ ਨੂੰ ਜਰੂਰ ਪੜ ਤੇ ਵਿਚਾਰ ਲੈਣਾ ਚਾਹੀਦਾ ਹੈ। ਕਿਉਂਕਿ ਮੈਨੂੰ ਨਹੀਂ ਲੱਗਦਾ ਕਿ ਨਾਰੀ ਸ਼ਕਤੀ ਦੀਆ ਜਿੰਨੀਆਂ ਵੱਡੀਆਂ ਉਦਾਹਰਣਾ ਸਿੱਖ ਇਤਹਾਸ ਵਿੱਚ ਵੇਖਣ ਨੂੰ ਮਿਲਦੀਆਂ ਹਨ, ਉਹ ਹੋਰ ਕਿਧਰੇ ਮਿਲਦੀਆਂ ਹੋਣ। ਸਿੱਖ ਇਤਹਾਸ ਦੀ ਸਭ ਤੋਂ ਸੂਰਬੀਰ ਤੇ ਬਹਾਦੁਰ ਯੋਧਾ ਔਰਤ ਮਾਈ ਭਾਗੋ ਇੱਕ ਅਜਿਹੀ ਸ਼ਖਸੀਅਤ ਸਨ, ਜਿੰਨਾ ਤਰਨ-ਤਾਰਨ ਦੀ ਪਵਿੱਤਰ ਧਰਤੀ ਉੱਤੇ ਜਨਮ ਲਿਆ। ਬਚਪਨ ਤੋਂ ਸਿੱਖੀ ਦੇ ਅਸੂਲਾਂ ਤੋਂ ਜਾਣੂ, ਮਾਈ ਭਾਗੋ ਬਾਣੀ ਤੇ ਬਾਣੇ ਦੋਨਾਂ ਵਿੱਚ ਪ੍ਰਪੱਕ ਸਨ। ਮਾਈ ਭਾਗੋ ਜੰਗ ਵਿੱਚ ਜੂਝਣ ਵਾਲੀ ਪਹਿਲੀ ਪੰਜਾਬੀ ਔਰਤ ਸਨ। ਗੁਰੂ ਗੋਬਿੰਦ ਸਿੰਘ ਦੀ ਇਹ ਬਹਾਦੁਰ ਧੀ ਦੀ ਇੱਕ ਇੱਛਾ ਸੀ ਕਿ ਉਹ ਆਪਣੇ ਗੁਰੂ ਪਿਤਾ ਦੇ ਅੰਗ ਰੱਖਿਅਕ ਬਣ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਕਰ ਸਕਣ, ਜਦੋਂ ਗੁਰੂ ਸਾਹਿਬ ਨਾਦੇੜ ਦੀ ਧਰਤੀ ਤੇ ਆਏ ਤਾਂ ਉਹ ਗੁਰੂ ਗੋਬਿੰਦ ਸਿੰਘ ਜੀ ਅੰਗਰੱਖਿਅਕ ਦੇ ਤੌਰ ਤੇ ਸੇਵਾ ਨਿਭਾਉਦੇ ਹੋਏ ਨਾਦੇੜ ਦੀ ਧਰਤੀ ਤੇ 1708 ਵਿੱਚ ਅਕਾਲ ਪੁਰਖ ਦੀ ਜੋਤ ਵਿੱਚ ਲੀਨ ਹੋ ਗਏ। ਹੋ ਸਕਦਾ ਮੇਰੇ ਕਈ ਪਾਠਕਾਂ ਦੇ ਜਹਿਨ ਵਿੱਚ ਹੋਵੇ ਕਿ ਔਰਤਾਂ ਤਾਂ ਹੋਰ ਵੀ ਬਹੁਤ ਮਹਾਨ ਹੋਈਆਂ ਹਨ ਪਰ

ਮੇਰੇ ਅੱਜ ਦੇ ਦਿਨ ਮਾਤਾ ਭਾਗ ਕੌਰ ਜੀ ਦਾ ਹੀ ਵਿਸ਼ੇਸ਼ ਤੌਰ ਤੇ ਜਿਕਰ ਕਰਨ ਪਿੱਛੇ ਕੀ ਕਾਰਨ ਹੋਵੇਗਾ। ਅਸਲ ਵਿੱਚ ਬੇਸ਼ੱਕ ਹੋਰ ਵੀ ਬਹੁਤ ਸਾਰੀਆਂ ਔਰਤਾਂ ਨੇ ਮਹਾਨ ਕਾਰਜ ਕੀਤੇ ਤੇ ਪੂਰੇ ਨਾਰੀ ਸੰਸਾਰ ਦਾ ਮਾਣ ਵਧਾਇਆ। ਅੱਜ ਭਾਵੇਂ ਔਰਤਾਂ ਅੱਗੇ ਵੱਧ ਰਹੀਆਂ ਹਨ, ਆਪਣੀ ਪਹਿਚਾਣ ਬਣਾ ਰਹੀਆਂ ਹਨ। ਪਰ ਬਹੁਤਾਤ ਔਰਤਾਂ ਘਰਾਂ ਵਿੱਚ ਸਮਾਜ ਵਿੱਚ ਸਰੀਰਕ ਤੇ ਮਾਨਸਿਕ ਸ਼ੋਸ਼ਣ ਦਾ


ਹਰਕੀਰਤ ਕੌਰ

ਸ਼ਿਕਾਰ ਹੁੰਦੀਆਂ ਹਨ। ਅੱਜ ਵੀ ਬਹੁਤ ਸਾਰੀਆਂ ਬਾਲਿਗ , ਨਾਬ-ਾਲਿਗ ਲੜਕੀਆਂ ਦੇ ਬਲਾਤਕਾਰ ਹੁੰਦੇ ਹਨ।ਅੱਜ ਵੀ ਕਈ ਲੜਕੀਆਂ ਘਰਾਂ ਵਿੱਚ ਜੁਲਮ ਦਾ ਸ਼ਿਕਾਰ ਹੁੰਦੀਆਂ ਹਨ, ਦਾਜ ਦੀ ਬਲੀ ਚੜਦੀਆਂ ਹਨ, ਨਾ ਚਾਹੁੰਦੀਆਂ ਹੋਈਆਂ ਵੀ ਗਰਭਪਾਤ ਕਰਵਾ ਆਪਣੀਆਂ ਧੀਆਂ ਨੂੰ ਕੁੱਖਾਂ ਵਿੱਚ ਮਰਵਾਉਂਦੀਆਂ ਹਨ। ਅਸੀਂ ਸਾਰੇ ਅਜਿਹੇ ਹਾਲਤ ਵੇਖ ਸਮਾਜ ਬੁਰਾ ਹੈ ਕਹਿ ਪੱਲਾ ਚਾੜ ਦਿੰਦੇ ਹਾਂ ਪਰ ਕਦੇ ਜੜ ਤੱਕ ਪਹੁੰਚਣ ਦਾ ਯਤਨ ਹੀ ਨਹੀਂ ਕੀਤਾ। ਅਸਲ ਵਿੱਚ ਜਦੋਂ ਅਸੀਂ ਆਪਣੀਆਂ ਬੱਚੀਆਂ ਨੂੰ, ਧੀਆਂ ਨੂੰ ਮਾਈ ਭਾਗੋ ਵਰਗੀਆਂ ਬਾਹੁਦਰ ਔਰਤਾਂ ਦਾ ਇਤਹਾਸ ਹੀ ਨਹੀਂ ਸੁਣਾਇਆ, ਜਦੋਂ ਤੱਕ ਅਸੀਂ ਉਹਨਾਂ ਨੂੰ ਦੱਸਦੇ ਨਹੀਂ ਕਿ ਅਣਖਾਂ , ਇੱਜ਼ਤਾ, ਇਤਹਾਸ ਤੇ ਜੁਰਅਤਾਂ ਕੀ ਹਨ ? ਉਹ ਕਿਵੇ ਜੁਲਮ ਦਾ ਟਾਕਰਾ ਕਰਨ ਦੇ ਕਾਬਿਲ ਹੋਣਗੀਆਂ? ਅੱਜ ਦੀਆਂ ਬਹੁਤਾਤ ਨੋਜਵਾਨ ਲੜਕੀਆਂ ਨੂੰ ਮਾਈ ਭਾਗੋ ਦਾ ਇਤਹਾਸ ਨਹੀ ਪਤਾ ਹੋਵੇਗਾ! ਨਹੀ ਜਾਣਦੀਆਂ ਹੋਣਗੀਆਂ ਕਿ ਕਿਹੜੀਆਂ ਮਾਵਾਂ ਨੇ ਆਪਣੇ ਬੱਚਿਆਂ ਦੇ ਕਦੋਂ, ਕਿਉਂ ਤੇ ਕਿੱਥੇ ਗਲਾ ਵਿੱਚ ਹਾਰ ਪਵਾਏ ਹੋਣਗੇ! ਪਰ ਹਾਂ ਅੱਜ ਦੀਆਂ ਬੱਚੀਆਂ ਨੂੰ ਅਸੀਂ ਟਿਕਟਾਕ ਤੇ ਨੱਚਣਾ ਜਰੂਰ ਸਿਖਾਇਆ ਹੈ! ਜੇਕਰ ਅੱਜ ਮਾਪੇ ਆਪਣੀਆਂ ਧੀਆਂ ਨੂੰ ਉਹਨਾਂ ਦੀਆਂ ਕਲਾਵਾਂ ਨਿਖਾਰਨ ਦੇ ਨਾਲ ਨਾਲ ਇਤਹਾਸ ਤੋਂ ਵੀ ਜਾਣੂ ਕਰਵਾਉਣ ਤਾਂ ਉਹਨਾਂ ਨੂੰ ਆਪਣੇ ਅੰਦਰ ਛੁਪੀ ਨਾਰੀ ਸ਼ਕਤੀ ਦਾ ਅਹਿਸਾਸ ਹੋਵੇਗਾ! ਅਹਿਸਾਸ ਹੋਵੇਗਾ ਕਿ ਅਸੀਂ ਮਾਤਾ ਭਾਗ ਕੋਰ ਦੀ ਵਾਰਿਸ ਹਾਂ। ਜਦੋਂ ਅਸੀਂ ਆਪਣੀਆਂ ਧੀਆਂ ਨੂੰ ਮਾਈ ਭਾਗੋ ਵਾਂਗ ਦਲੇਰ, ਬਹਾਦੁਰ, ਚਰਿੱਤਰਵਾਨ ਤੇ ਸਾਹਸੀ ਬਣਾਉਣ ਵਿੱਚ ਕਾਮਯਾਬ ਹੋ ਗਏ ਤਾ ਸਾਡੇ ਨਾਰੀ ਸ਼ੁਸਕਤੀਕਰਨ ਵਰਗੇ ਮਨਾਏ ਮਹਾਨ ਦਿਨ ਸਫਲ ਹੋ ਜਾਣਗੇ। ਜਦੋਂ ਮਾਵਾਂ ਆਪਣੀਆਂ ਧੀਆਂ ਵਿੱਚੋਂ ਹੀਰੋਅਨਾਂ ਘੱਟ ਤੇ ਮਾਤਾ ਭਾਗੋ ਦੇਖਣ ਲੱਗ ਜਾਵਣ ਗੀਆਂ, ਉਦੋਂ ਕੋਈ ਧੀ ਦਾਜ ਦੀ ਬਲੀ ਨਹੀ ਚੜੇਗੀ, ਕੋਈ ਧੀ ਕਿਸੇ ਦੀ ਹਵਸ਼ ਦਾ ਸ਼ਿਕਾਰ ਨਹੀਂ ਹੋਵੇਗੀ, ਫਿਰ ਅਸਲ ਵਿੱਚ ਹਰ ਨਾਰੀ ਸ਼ਕਤੀ ਆਪਣੀ ਸ਼ਕਤੀ ਤੋਂ ਜਾਣੂ ਹੋਵੇਗੀ । ਜੋ ਇੱਕ ਨਵਾਂ ਸਮਾਜ ਸਿਰਜੇਗੀ ਜਿੱਥੇ ਹਰ ਕੋਈ ਇੱਕ ਸੱਭਿਅਕ ਜੀਵਨ ਜੀਵੇਗਾ।

## ਘਰ-ਘਰ ਰੁੱਖ ਦੇਵੇ ਹਰ ਸੁੱਖ


ਗੁਰਸੇਵਕ ਰੰਧਾਵਾ

ਮਨੁੱਖ ਅਤੇ ਰੁੱਖ ਦਾ ਰਿਸ਼ਤਾ ਬੜਾ ਗਹਿਰਾ ਅਤੇ ਸਦੀਵੀ ਹੈ। ਰੁੱਖ ਤੇ ਮਨੁੱਖ ਸਾਹਾਂ ਦੇ ਸਾਂਝੀ ਹਨ। ਇੱਕ ਤੋਂ ਬਿਨਾਂ ਦੂਸਰੇ ਦੀ ਹੋਂਦ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਜਨਮ ਤੋਂ ਲੈ ਕੇ ਮਰਨ ਤੱਕ ਰੁੱਖ ਮਨੁੱਖ ਦੇ ਅੰਗ-ਸੰਗ ਰਹਿਣ ਦਾ ਫਰਜ਼ ਨਿਭਾਉਂਦਾ ਆ ਰਿਹਾ ਹੈ। ਰੁੱਖ ਕੁਦਰਤ ਵਲੋਂ ਬਖਸ਼ੀ ਅਣਮੁੱਲੀ ਦਾਤ ਹੈ। ਰੁੱਖ ਤੇ ਮਨੁੱਖ ਇਕ ਦੂਜੇ ਤੇ ਨਿਰਭਰ ਹਨ ਭਾਵ ਕੇ ਰੁੱਖਾਂ ਤੋਂ ਸਾਨੂੰ ਆਕਸੀਜਨ ਮਿਲਦੀ ਹੈ ਅਤੇ ਬਦਲੇ ਵਿਚ ਅਸੀਂ ਉਹਨਾਂ ਨੂੰ ਕਾਰਬਨ ਡਾਈਆਕਸਾਈਡ ਦਿੰਦੇ ਹਾਂ ਅਸੀਂ ਇੱਥੋਂ ਤੱਕ ਕਹਿ ਸਕਦੇ ਹਾਂ ਕੇ ਪ੍ਰਿਥਵੀ ਦਾ ਜੀਵਨ ਰੁੱਖਾਂ ਦੀ ਹੋਂਦ ਨਾਲ ਹੀ ਚੱਲਦਾ ਰਹਿ ਸਕਦਾ ਹੈ। ਕਿਉਂਕਿ ਰੁੱਖ ਪ੍ਰਿਥਵੀ ਦੇ ਤਾਪਮਾਨ ਨੂੰ ਨਿਰੰਤਰਣ ਵਿਚ ਰੱਖਦੇ ਹਨ। ਇਸ ਲਈ ਜੇ ਧਰਤੀ ਉੱਤੇ ਰੁੱਖ ਨਹੀਂ ਹੋਣਗੇ ਤਾਂ ਧਰਤੀ ਦਾ ਤਾਪਮਾਨ ਲਗਾਤਾਰ ਵੱਧਦਾ ਹੀ ਚਲਾ ਜਾਵੇਗਾ ਤੇ ਉਹ ਇੰਨੀ ਗਰਮ ਹੋ ਜਾਵੇਗੀ ਕਿ ਉਸ 'ਤੇ ਜੀਵਨ ਮੁਸ਼ਕਲ ਹੋ ਜਾਵੇਗਾ। ਪਰੰਤੂ ਅਜੋਕੇ ਸਮੇਂ 'ਚ ਇਹ ਸਮੱਸਿਆ ਬਹੁਤ ਹੀ ਵੱਧ ਚੁੱਕੀ ਹੈ। ਮਨੁੱਖ ਨੇ ਰੁੱਖਾਂ ਪ੍ਰਤੀ ਆਪਣੇ ਫਰਜ਼ਾਂ ਤੋਂ ਬੁਰੀ ਤਰ੍ਹਾਂ ਕਿਨਾਰਾ ਕਰ ਲਿਆ ਹੈ। ਜਿਸ ਕਰਕੇ ਮਨੁੱਖੀ ਹੋਂਦ ਅਤੇ ਜੰਗਲੀ ਜੀਵਨ ਸਮੱਸਿਆਂ ਦੇ ਘੇਰੇ ਵਿਚ ਆ ਗਏ ਹਨ। ਪ੍ਰਦੂਸ਼ਣ ਲਗਾਤਾਰ ਦਿਨੋਂ-ਦਿਨ ਵੱਧਦਾ ਜਾ ਰਿਹਾ ਹੈ ਅਤੇ ਹਵਾ ਦੀ ਗੁਣਵੱਤਾ 'ਚ ਗਿਰਵਾਟ ਆ ਰਹੀ ਹੈ ਜਿਸ ਕਾਰਨ ਬਹੁਤ ਸਾਰੀਆਂ ਭਿਆਨਕ ਬਿਮਾਰੀਆਂ ਦਾ ਪਸਾਰ ਹੋ ਰਿਹਾ ਹੈ ਅਤੇ ਮਨੁੱਖ ਦੀ ਉਮਰ ਵੀ ਲਗਾਤਾਰ ਘੱਟਦੀ ਜਾ ਰਹੀ ਹੈ। ਮਨੁੱਖ ਦੇ ਲਾਲਚ ਸਦਕਾ ਜੰਗਲੀ ਜੀਵਨ ਹੇਠ ਆਉਂਦਾ ਰਕਬਾ ਲਗਾਤਾਰ ਖ਼ਤਮ ਹੁੰਦਾ ਜਾ ਰਿਹਾ ਹੈ ਜੋ ਕਿ ਇੱਕ ਵੱਡੀ ਚਿੰਤਾ ਦਾ ਵਿਸ਼ਾ ਬਣ ਚੁੱਕਾ ਹੈ। ਇਕ ਰਿਪੋਰਟ ਮੁਤਾਬਕ ਦੁਨੀਆਂ ਵਿਚ ਲਗਪਗ ਸੱਤ ਮਿਲੀਅਨ ਲੋਕਾਂ ਦੀ ਮੌਤ ਹਵਾ ਪ੍ਰਦੂਸ਼ਣ ਦੇ ਕਾਰਨ ਹੋ ਜਾਂਦੀ ਹੈ। ਰੁੱਖ ਮੁਫ਼ਤ 'ਚ ਹਵਾ ਨੂੰ ਸਵੱਛ ਕਰਨ ਦਾ ਕੰਮ ਕਰਦੇ ਹਨ ਪਰ ਫਿਰ ਵੀ ਅਸੀਂ ਰੁੱਖਾਂ ਦੇ ਯੋਗਦਾਨ ਨੂੰ ਅਣਗੌਲਿਆ ਕਰ ਦਿੰਦੇ ਹਾਂ। ਰੁੱਖਾਂ ਦੀ ਘਾਟ ਕਾਰਨ ਰੁੱਤਾਂ ਉੱਤੇ ਵੀ ਇਸ ਦਾ ਪ੍ਰਭਾਵ ਦਿਨੋਂ-ਦਿਨ ਵੱਧ ਰਿਹਾ ਹੈ। ਰੁੱਖਾਂ ਦੀ ਕਮੀ ਕਾਰਨ ਵਰਖਾ ਦੀ ਮਾਤਰਾ ਵੀ ਸਥਿਰ ਨਹੀਂ ਰਹੀ। ਹੁਣ ਕਿਤੇ ਬਹੁਤ ਜ਼ਿਆਦਾ ਵਰਖਾ ਹੋ ਜਾਂਦੀ ਹੈ ਜਦੋਂਕਿ ਕਿਤੇ ਸੋਕੇ ਵਰਗੇ ਹਾਲਾਤ ਬਣ ਜਾਂਦੇ ਹਨ। ਸਾਡਾ ਦੇਸ਼ ਖੇਤੀ ਪ੍ਰਧਾਨ ਮੁਲਕ ਹੈ। ਇੱਥੇ ਵੱਖ-ਵੱਖ ਤਰ੍ਹਾਂ ਦੀਆਂ ਫ਼ਸਲਾਂ ਪੈਦਾ ਕੀਤੀਆਂ ਜਾਂਦੀਆਂ ਹਨ ਪਰ ਪਿਛਲੇ ਕੁਝ ਦਹਾਕਿਆਂ ਤੋਂ ਭੂਮੀ ਦੀ ਉਪਜਾਊ ਸ਼ਕਤੀ ਵਿਚ ਕਮੀ ਦਰਜ਼ ਕੀਤੀ ਗਈ ਹੈ। ਰਸਾਇਣਕ ਖਾਦਾਂ ਤੋਂ ਇਲਾਵਾ ਇਸ ਦਾ ਇਕ ਹੋਰ ਮੁੱਖ ਕਾਰਨ ਰੁੱਖਾਂ ਦੀ ਕਟਾਈ ਵੀ ਸ਼ਾਮਿਲ ਹੈ।

ਸੋ ਅੱਜ ਲੋੜ ਹੈ ਇਕ-ਇਕ ਰੁੱਖ ਬਚਾਉਣ ਦੀ ਅਤੇ ਹਰ ਇੱਕ ਮਨੁੱਖ ਨੂੰ ਹੰਭਲਾ ਮਾਰਨ ਦੀ ਕਿ ਉਹ ਆਪਣੇ ਘਰਾਂ ਵਿੱਚ ਇੱਕ ਰੁੱਖ ਜ਼ਰੂਰ ਲਾਉਣ ਅਤੇ ਉਸਦੀ ਪਰਿਵ-ਾਰਿਕ ਮੈਂਬਰ ਵਾਂਗ ਸਾਂਭ-ਸੰਭਾਲ ਕਰਨ। ਇਹ ਜ਼ਰੂਰੀ ਹੈ ਕਿ ਹਰ ਵਿਅਕਤੀ ਰੁੱਖਾਂ ਦੀ ਮਹੱਤਤਾ ਨੂੰ ਸਮਝੇ 'ਤੇ ਕੁਦਰਤ ਨਾਲ ਪਿਆਰ ਕਰੇ। ਰੁੱਖ ਜੇ ਘਰਾਂ ਦੀ ਰੌਣਕ ਹਨ ਤਾਂ ਇਨ੍ਹਾਂ ਉਪਰ ਵੱਸਦੇ ਪੰਛੀ ਵਿਹੜੇ ਦਾ ਸ਼ਿੰਗਾਰ ਹਨ, ਜਿਵੇਂ ਕਹਿੰਦੇ ਹਨ, ਕਾਂ ਵੀ ਵੱਸਦੇ ਘਰ ਦੇ ਬਨੇਰੇ 'ਤੇ ਹੀ ਬੈਠਦਾ ਹੈ, ਉਸੇ ਤਰ੍ਹਾਂ ਰੁੱਖ ਵੀ ਵੱਸਦੇ ਵਿਹੜੇ ਦੀ ਰੌਣਕ ਹੁੰਦੇ ਹਨ। ਉੱਜੜੇ ਵਿਹੜੇ ਵਿਚ ਰੁੱਖ ਨਹੀਂ, ਜੰਗਲ ਹੁੰਦਾ ਹੈ। ਰੁੱਖਾਂ ਹੇਠ ਹੀ ਕਦੇ ਸੱਥਾਂ ਜੁੜਦੀਆਂ ਸਨ, ਤੀਆਂ ਦੇ ਮੇਲੇ ਲੱਗਦੇ ਸਨ, ਮੁਟਿਆਰਾਂ ਪੀਂਘਾਂ ਝੂਟਦੀਆਂ ਸਨ, ਗਿੱਧੇ ਦਾ ਪਿੜ ਬੱਝਦਾ ਸੀ, ਗੀਤਾਂ ਦੀ ਛਹਿਬਰ ਲੱਗਦੀ ਸੀ ਅਤੇ ਅਤਿ ਦੀਆਂ ਗਰਮੀਆਂ ਵਿੱਚ ਲੋਕ ਇਨ੍ਹਾਂ ਰੁੱਖਾਂ ਦੀ ਠੰਢੀ ਮਿੱਠੀ ਛਾਂ ਦਾ ਆਨੰਦ ਮਾਣਿਆ ਕਰਦੇ ਸਨ। ਪਰੰਤੂ ਧਰਤੀ ਉਤੇ ਹੋ ਰਹੇ ਵਿਨਾਸ਼ ਨੂੰ ਸੱਦਾ ਵੀ ਮਨੁੱਖ ਨੇ ਹੀ ਦਿੱਤਾ ਹੈ, ਹੁਣ ਇਸ ਨੂੰ ਰੋਕਣ ਦਾ ਉਪਰਾਲਾ ਵੀ ਮਨੁੱਖ ਨੂੰ ਹੀ ਕਰਨਾ ਪਵੇਗਾ ਅਤੇ ਬਣਾਉਟੀ ਪੌਦਿਆਂ ਦੀ ਸਜ਼ਾਵਟ ਘਰਾਂ 'ਚ ਕਰਨ ਦੀ ਥਾਂ ਅਸਲ ਰੁੱਖ ਲਾਉਣ ਦਾ ਉੱਦਮ ਜ਼ਰੂਰ ਕਰਨਾ ਪਵੇਗਾ ਅਤੇ ਇਸਨੂੰ ਇੱਕ ਲਹਿਰ ਦਾ ਰੂਪ ਦੇਣਾ ਪਵੇਗਾ। ਜਿਸ ਨਾਲ ਆਮ ਲੋਕ ਜਾਗਰੂਕ ਹੋਣ ਅਤੇ ਘਰ-ਘਰ ਰੁੱਖ ਲਾਉਣ ਦਾ ਉਪਰਾਲਾ ਕੀਤਾ ਜਾਵੇ ਕਿਉਂਕਿ ਰੁੱਖਾਂ ਨਾਲ ਹੀ ਮਨੁੱਖ ਦੀ ਜ਼ਿੰਦਗੀ ਵਿੱਚ ਖੁਸ਼ਹਾਲੀ ਆਵੇਗੀ ਅਤੇ ਵਾਤਾਵਰਣ ਸਾਫ਼ ਹੋਣ ਨਾਲ ਬਹੁਤ ਸਾਰੀਆਂ ਘਾਤਕ ਬਿਮਾਰੀਆਂ ਤੋਂ ਨਿਜਾਤ ਮਿਲੇਗੀ। ਜੇਕਰ ਇਸ ਨੂੰ ਅੱਜ ਵੀ ਅਣਗੌਲਿਆਂ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ 'ਚ ਮਨੁੱਖਤਾ ਨੂੰ ਬਹੁਤ ਪ੍ਰਭਾਵੀ ਸੰਕਟਾਂ 'ਚੋਂ ਗੁਜ਼ਰਨਾ ਪਵੇਗਾ।

## ਸੋਸ਼ਲ ਮੀਡੀਆ 'ਤੇ ਕਿਸਾਨੀ ਅੰਦੋਲਨ !



ਹਰਮਨਪ੍ਰੀਤ ਸਿੰਘ, ਸਰਹਿੰਦ,
ਸੰਪਰਕ : 9855010005



ਭਾਰਤ ਵਿੱਚ ਪੰਜਾਬ ਤੋਂ ਉਠਿਆ ਕਿਸਾਨੀ ਅੰਦੋਲਨ ਅੱਜ ਦੇਸ਼ ਪੱਧਰ ਦਾ ਨਾ ਹੋ ਕੇ ਵਿਸ਼ਵ ਪੱਧਰ ਦਾ ਅੰਦੋਲਨ ਬਣ ਚੁੱਕਾ ਹੈ। ਕੇਂਦਰ ਸਰਕਾਰ ਵੱਲੋਂ ਲਾਗੂ ਕੀਤੇ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਨੌਜਵਾਨ ਵਰਗ ਅਹਮ ਭੂਮਿਕਾ ਨਿਭਾ ਰਿਹਾ ਹੈ। ਇਕ ਸਮਾਂ ਸੀ ਪੁਰਾਣੇ ਸਮਿਆਂ "ਚ ਜਦੋਂ ਸਾਡੇ ਕਿਸਾਨ ਆਗੂ ਖੇਤੀ ਸਬੰਧੀ ਸਮੱਸਿਆਵਾ ਦੇ ਹੱਲ ਲਈ ਚੰਡੀਗੜ੍ਹ ਦੀਆਂ ਬਰੂਹਾਂ ਤੇ ਧਰਨੇ ਲਾਅ ਮੁੜ ਆਉਂਦੇ ਸਨ, ਪਿੰਡਾਂ ਵਿਚ ਵੀ ਕਿਸਾਨੀ ਦਾ ਝੰਡਾ ਟਾਵਾਂ-ਟਾਵਾਂ ਹੀ ਕੋਈ ਚੁੱਕਦਾ ਸੀ। ਮੌਜੂਦਾ ਸਮੇਂ ਨੌਜਵਾਨ ਵਰਗ ਵਧਾਈ ਦਾ ਪਾਤਰ ਹੈ ਕਿਉ ਕਿ ਕਿਸਾਨੀ ਅੰਦੋਲਨ ਵਿਚ ਨੌਜਵਾਨਾਂ ਦੇ ਆਉਣ ਨਾਲ ਇਹ ਅੰਦੋਲਨ ਸਿਖਰਾਂ ਤੇ ਪੁੱਜ ਗਿਆ ਹੈ। ਹੁਣ ਕਿਸਾਨੀ ਝੰਡਾ ਟ੍ਰੈਕਟਰ,ਕਾਰਾ, ਮੋਟਰ ਸਾਈਕਲ, ਘਰਾਂ ਆਦਿ ਤੇ ਲਗਾ ਹਰ ਕੋਈ ਮਾਨ ਮਹਿਸੂਸ ਕਰਦਾ ਹੈ ਤੇ ਕਿਸਾਨ ਅੰਦੋਲਨ ਪ੍ਰਤੀ ਆਪਣੀਆਂ ਸ਼ੁਭ ਭਾਵਨਾਵਾਂ ਪ੍ਰਗਟ ਕਰਦਾ ਨਜ਼ਰ ਆਉਂਦਾ ਹੈ। ਨੌਜਵਾਨ ਵਰਗ ਵੱਲੋਂ ਟਵੀਟ ਰਾਹੀ ਕਿਸਾਨ ਅੰਦੋਲਨ ਦਾ ਸਮਰਥਨ ਵੱਧ ਚੜ੍ਹ ਕੇ ਕੀਤਾ ਜਾ ਰਿਹਾ ਹੈ, ਅਸੀਂ ਕਹਿ ਸਕਦੇ ਹਾਂ ਕਿ ਇਸ ਅੰਦੋਲਨ ਨੇ ਨੌਜਵਾਨ ਵਰਗ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ ਹੈ, ਤੇ ਨਾਲ ਹੀ ਨੌਜਵਾਨ ਵਰਗ ਨੇ ਅੰਦੋਲਨ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ ਹੈ। ਕਿਸਾਨੀ ਅੰਦੋਲਨ ਬਾਰੇ ਸੋਸ਼ਲ ਮੀਡੀਆ 'ਤੇ ਵੱਡੀਆਂ-ਵੱਡੀਆਂ ਅੰਤਰ-ਰਾਸ਼ਟਰੀ ਹਸਤੀਆਂ ਵੀ ਕਿਸਾਨ ਅੰਦੋਲਨ ਦੇ ਹੱਕ ਵਿੱਚ ਆ ਰਹੀਆਂ ਹਨ। ਇਨ੍ਹਾਂ ਹਸਤੀਆਂ ਵਿੱਚ ਰਿਹਾਨਾ, ਗਰੇਟਾ ਥਨਬਰਗ, ਮੀਆਂ ਖਲੀਫਾ ਅਤੇ ਮੀਨਾ ਹੈਰਿਸ ਤੋਂ ਬਾਅਦ ਟਵਿਟਰ ਦੇ ਸੀਈਓ ਜੈਕ ਡੋਰਸੀ ਵੀ ਕਿਸਾਨੀ ਅੰਦੋਲਨ ਨੂੰ ਸਮਰਥਨ ਦੇ ਰਹੇ ਹਨ। ਉਨ੍ਹਾਂ ਨੇ ਰਿਹਾਨਾ ਦੇ ਕਿਸਾਨਾਂ ਲਈ ਕੀਤੇ ਟਵਿਟ ਨੂੰ ਲਾਈਕ ਕੀਤਾ ਹੈ। ਉੱਥੇ ਹੀ ਹੁਣ ਯੂ ਐਨ ਹਿਊਮਨ ਰਾਈਟਸ ਵੱਲੋਂ ਵੀ ਕਿਸਾਨ ਅੰਦੋਲਨ ਤੇ ਟਵੀਟ ਕੀਤਾ ਹੈ। ਹਿਊਮਨ ਰਾਈਟਸ ਨੇ ਭਾਰਤ ਵਿਚ ਕਿਸਾਨਾਂ ਦੇ ਅੰਦੋਲਨ'ਤੇ ਲਿਖਿਆ ਹੈ ਕਿ "ਅਸੀਂ ਅਧਿਕਾਰੀਆਂ ਅਤੇ ਪ੍ਰਦਰਸ਼ਨਕਾਰੀਆਂ ਨੂੰ ਚੱਲ ਰਹੇ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨਾਂ ਵਿਚ ਵੱਧ ਤੋਂ ਵੱਧ ਸੰਜਮ ਵਰਤਣ ਦੀ ਅਪੀਲ ਕਰਦੇ ਹਾਂ" ਦਿੱਲੀ ਵਿੱਚ ਚੱਲ ਰਹੇ ਕਿਸਾਨ ਅੰਦੋਲਨ ਲਈ ਅੰਤਰਰਾਸ਼ਟਰੀ ਹਸਤੀਆਂ ਵਲੋਂ ਲਗਾਤਾਰ ਸਮਰਥਨ ਦਿੱਤਾ ਜਾ ਰਿਹਾ ਹੈ।ਕਿਸਾਨ ਆਗੂਆਂ ਤੇ ਅੰਦੋਲਨ ਕਰ ਰਹੇ ਹਰ ਇਕ ਵਿਅਕਤੀ ਲਈ ਇਹ ਮਾਣ ਵਾਲੀ ਗੱਲ ਹੈ ਕਿ ਦੁਨੀਆ ਦੀਆਂ ਦਿੱਗਜ਼ ਹਸਤੀਆਂ ਕਿਸਾਨਾਂ ਪ੍ਰਤੀ ਸੰਵੇਦਨਸ਼ੀਲਤਾ ਦਿਖਾ ਰਹੀਆਂ ਹਨ ਪਰ ਦੂਜਾ ਪਾਸੇ ਇਹ ਮੰਦਭਾਗਾ ਵੀ ਹੈ ਕਿ ਭਾਰਤ ਸਰਕਾਰ ਕਿਸਾਨ, ਮਜ਼ਦੂਰਾਂ ਤੇ ਅੰਦੋਲਨ ਨਾਲ ਜੁੜੇ ਲੋਕਾਂ ਦੇ ਦਰਦ ਨੂੰ ਨਹੀਂ ਸਮਝ ਰਹੀ। ਭਾਰਤ ਵਿੱਚ ਜ਼ਿਆਦਾਤਰ ਲੋਕ ਕਿਸਾਨ ਹਨ, ਤੇ ਬਹੁਤ ਲੋਕ ਸਿੱਧੇ ਅਤੇ ਅਸਿੱਧੇ ਢੰਗ ਨਾਲ ਕਿਸਾਨੀ ਨਾਲ ਜੁੜੇ ਹੋਏ ਹਨ। ਸਾਨੂੰ ਸਭ ਨੂੰ ਅੰਦੋਲਨ ਦੀ ਆਵਾਜ਼ ਬਣਨਾ ਚਾਹੀਦਾ ਹੈ। ਹੁਣ ਸੋਸ਼ਲ ਮੀਡੀਆ 'ਤੇ ਪੂਰੀ ਦੁਨੀਆ ਦੇਖ ਰਹੀ ਹੈ ਕਿਸਾਨਾਂ ਦਾ ਅੰਦੋਲਨ, ਕਿਸਾਨਾਂ ਦੀ ਸਿਆਣਪ, ਕਿਸਾਨਾਂ ਦੀ ਸੰਵੇਦਨਸ਼ੀਲਤਾ, ਕਿਸਾਨਾਂ ਦੀ ਹਲੀਮੀ, ਕਿਸਾਨਾਂ ਦੀ ਮੁਹੱਬਤ, ਕਿਸਾਨਾਂ ਦੀ ਭਾਈਚਾਰਕ ਸਾਂਝ ਤੇ ਦੇ ਰਹੀ ਹੈ ਆਪਣੇ ਵਿਚਾਰ ਇਹ ਇਕ ਨਵੇਕਲੀ ਕਿਸਮ ਦਾ ਅੰਦੋਲਨ ਬਣਦਾ ਨਜ਼ਰ ਆ ਰਿਹਾ ਹੈ। ਇਕ ਦਿਨ ਆਵੇਗਾ ਜਦੋ ਇਹ ਸਭ ਗੱਲਾਂ, ਇਸ ਅੰਦੋਲਨ ਦੀਆਂ ਘਟਨਾਵਾਂ ਇਤਿਹਾਸ ਵਿੱਚ ਲਿਖੀਆਂ ਜਾਣਗੀਆਂ।

# ਆਮ ਆਦਮੀ ਪਾਰਟੀ ਦੇ ਬਾਗੀ ਵਿਧਾਇਕਾਂ ਖਹਿਰਾ, ਜੈਤੋ, ਸੰਦੋਆ, ਮਾਨਸ਼ਾਹੀਆ ਨੂੰ ਸਪੀਕਰ ਨੇ 6 ਨੂੰ ਸੱਦਿਆ





ਚੰਡੀਗੜ੍ਹ, 9 ਮਾਰਚ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਦੇ ਇਸ ਵਕਤ ਚੱਲ ਰਹੇ ਬਜਟ ਸੈਸ਼ਨ ਦੇ ਦੂਸਰੇ ਦਿਨ ਬੀਤੀ 2 ਮਾਰਚ ਨੂੰ ਵਿਰੋਧੀ ਧਿਰ ਵਿਸ਼ੇਸ਼ ਕਰ ਅਕਾਲੀ ਦਲ ਨੇ ਦੋਸ਼ ਲਾਇਆ ਸੀ ਕਿ ਸੱਤਾਧਾਰੀ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਵਿਚਾਲੇ ਦੋਸਤਾਨਾ ਮੈਚ ਖੇਡੇ ਜਾਣ ਕਾਰਨ ਸੁਖਪਾਲ ਸਿੰਘ ਖਹਿਰਾ, ਬਲਦੇਵ ਸਿੰਘ ਜੈਤੋ, ਅਮਰਜੀਤ ਸਿੰਘ ਸੰਦੋਆ ਤੇ ਨਾਜ਼ਰ ਸਿੰਘ ਮਾਨਸ਼ਾਹੀਆ ਵਿਰੁੱਧ ਕੋਈ ਸਖ਼ਤ ਐਕਸ਼ਨ ਨਹੀਂ ਲਿਆ ਗਿਆ ਅਤੇ ਟਾਲ ਮਟੋਲ ਕਰਨ ਨਾਲ ਕੰਮ ਸਾਰਿਆ ਜਾ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਨ੍ਹਾਂ ਵਿਧਾਇਕਾਂ ਨੇ ਆਪਣੀ ਪਾਰਟੀ ਬਦਲੀ, ਪਰ ਦੋ ਸਾਲ ਤੋਂ ਵੱਧ ਸਮਾਂ ਬੀਤਣ ਉਤੇ ਵੀ ਅਜੇ ਤੱਕ ਇਨ੍ਹਾਂ ਨੂੰ ਨਿਯਮਾਂ ਮੁਤਾਬਕ ਅਯੋਗ ਕਰਾਰ ਨਹੀਂ ਦਿੱਤਾ ਗਿਆ।

ਕੱਲ੍ਹ ਵਿਧਾਨ ਸਭਾ ਸਕੱਤਰੇਤ ਵਿੱਚੋਂਪਤਾ ਲੱਗਾ ਹੈ ਕਿ ਸਪੀਕਰ ਰਾਣਾ ਕੇ ਪੀ ਸਿੰਘ ਨੇ ਇਨ੍ਹਾਂ 4 ਵਿਧਾਇਕਾਂ ਨੂੰ 6 ਅਪ੍ਰੈਲ ਨੂੰ ਸਵੇਰੇ 11 ਵਜੇ ਇਕੱਲੇ-ਇਕੱਲੇ ਨੂੰ ਅੱਧੇ-ਅੱਧੇ ਘੰਟੇ ਦੇ ਵਕਫ਼ੇ ਨਾਲ ਖ਼ੁਦ ਆ ਕੇ ਆਪਣੇ ਪੱਖ ਪੇਸ਼ ਕਰਨ ਨੂੰ ਲਿਖਿਆ ਹੈ। ਚਿੱਠੀ ਵਿੱਚ ਇਹ ਵੀ ਲਿਖਿਆ ਹੈ ਕਿ ਇਹ ਆਖਰੀ ਮੌਕਾ ਹੈ। ਵਰਨਣ ਯੋਗ ਹੈ ਕਿ ਪਿਛਲੇ ਦੋ ਸਾਲਾਂ ਤੋਂ ਇਨ੍ਹਾਂ ਵਿਧਾਇਕਾਂ ਵਿਰੁੱਧ ਦਲ ਬਦਲੀ ਐਕਟ ਹੇਠ ਕਾਰਵਾਈ ਦਾਕੇਸ ਵਿਧਾਨ ਸਭਾ ਦੇ ਸਪੀਕਰ ਕੋਲ ਪਿਆ ਹੈ। ਇਨ੍ਹਾਂ ਵਿਧਾਇਕਾਂ ਨੂੰ ਪਹਿਲਾਂ ਪੰਜ ਵਾਰ ਤਿੰਨ-ਤਿੰਨ ਅਤੇ ਛੇ-ਛੇ ਮਹੀਨੇ ਬਾਅਦ ਲਿਖਤੀ ਜੁਆਬ ਲਈ ਤਾਰੀਕਾਂ ਦਿੱਤੀਆਂ ਜਾਂਦੀਆਂ ਰਹੀਆਂ ਹਨ।ਫਰਵਰੀ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ 20 ਵਿਧਾਇਕਾਂ ਵਾਲੀ ਵਿਰੋਧੀ ਧਿਰ ਆਮ ਆਦਮੀ ਪਾਰਟੀ ਦੇ ਨੇਤਾ ਹਰਵਿੰਦਰ ਸਿੰਘ ਫੂਲਕਾ ਵੱਲੋਂ ਪਾਸੇ ਹੋ ਜਾਣ ਪਿੱਛੋਂ ਇੱਕ ਸਾਲ ਅੰਦਰ ਹੀ ਜਦੋਂ ਭੁਲੱਥ ਹਲਕੇ ਤੋਂ ਇਸ ਪਾਰਟੀ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਵਿਰੋਧੀ ਧਿਰ ਦਾ ਆਗੂ ਬਣਾਉਣ ਦੇ ਬਾਅਦ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੇ ਵਿਰੋਧੀ ਧਿਰ ਦੇ ਨੇਤਾ ਦੇ ਅਹੁਦੇ ਤੋਂ ਹਟਾ ਦਿੱਤਾ ਤਾਂ ਗੁੱਸੇ ਵਿੱਚ ਖਹਿਰਾ ਨੇ ਜਨਵਰੀ 2019 ਵਿੱਚ ਨਵੀਂ 'ਪੰਜਾਬ ਏਕਤਾ ਪਾਰਟੀ' ਬਣਾਈ ਅਤੇ ਫਿਰ ਮਈ ਵਿੱਚ ਬਠਿੰਡਾ ਲੋਕ ਸਭਾ ਸੀਟ ਉਤੇ ਚੋਣ ਲੜੀ ਅਤੇ ਹਾਰ ਗਏ ਸਨ। ਉਨ੍ਹਾਂ ਨੇ ਸਪੀਕਰ ਨੂੰ ਅਸਤੀਫ਼ਾ ਦਿੱਤਾ, ਪਰ ਫਿਰ ਵਾਪਸ ਲੈਣ ਦਾ ਡਰਾਮਾ ਕੀਤਾ ਅਤੇ ਅੱਜ ਤੱਕ ਤਕਨੀਕੀ ਤੌਰ ਉੱਤੇ ਸੁਖਪਾਲ ਸਿੰਘ ਖਹਿਰਾ ਆਮ ਆਦਮੀ ਪਾਰਟੀ ਦੇ ਵਿਧਾਇਕ ਵਜੋਂਤਨਖ਼ਾਹ, ਟੀ ਏ, ਡੀ ਏ ਲੈ ਰਹੇ ਹਨ।

ਬਲਦੇਵ ਸਿੰਘ ਜੈਤੋ ਨੇ ਵੀ ਸੁਖਪਾਲ ਸਿੰਘ ਖਹਿਰਾ ਦੀ ਪਾਰਟੀ ਦੀ ਟਿਕਟ ਉਤੇ ਫ਼ਰੀਦਕੋਟ ਰਿਜ਼ਰਵ ਹਲਕੇ ਤੋਂ ਲੋਕ ਸਭਾ ਚੋਣ ਲੜੀ ਤੇ ਹਾਰ ਜਾਣ ਪਿੱਛੋਂ ਵਿਧਾਇਕ ਵਜੋਂ ਪਿੱਛਲੇ ਦੋ ਸਾਲਾਂ ਤੋਂ ਤਨਖ਼ਾਹ, ਭੱਤੇ ਤੇ ਹੋਰ ਸਹੂਲਤਾਂ ਲੈ ਰਹੇ ਹਨ। ਰੋਪੜ ਹਲਕੇ ਤੋਂ ਇਸ ਪਾਰਟੀ ਦੇ ਵਿਧਾਇਕ ਅਮਰਜੀਤ ਸਿੰਘ ਸੰਦੋਆ ਤੇ ਮਾਨਸਾ ਤੋਂ ਨਜ਼ਰ ਸਿੰਘ ਮਾਨਸ਼ਾਹੀਆ ਨੇ ਅਪ੍ਰੈਲ 2019 ਵਿੱਚ ਮੁੱਖ ਮੰਤਰੀ ਦੀ ਰਿਹਾਇਸ਼ ਉਤੇ ਕਾਂਗਰਸ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਅਤੇ ਸ਼ਰੇਆਮ ਹਾਰ ਪੁਆ ਕੇ ਫ਼ੋਟੋ ਖਿਚਵਾਈਆਂ, ਪਰ ਬਾਅਦ ਵਿੱਚ ਕਹਿੰਦੇ ਹਨ ਕਿ ਉਨ੍ਹਾਂ ਆਪਣੀ ਪਾਰਟੀ ਨਹੀਂ ਬਦਲੀ। ਅਮਰਜੀਤ ਸਿੰਘ ਸੰਦੋਆ ਨੇ ਸਪੀਕਰ ਨੂੰ ਲਿਖ ਕੇ ਭੇਜ ਦਿੱਤਾ ਹੈ ਕਿ ਪਾਰਟੀ ਬਦਲਣ ਦੀ ਖ਼ਬਰ ਗ਼ਲਤ ਸੀ। ਦਿਲਚਸਪ ਗੱਲ ਹੈ ਕਿ ਸੁਖਪਾਲ ਸਿੰਘ ਖਹਿਰਾ, ਅਮਰਜੀਤ ਸਿੰਘ ਸੰਦੋਆ ਅਤੇ ਬਲਦੇਵ ਸਿੰਘਜੈਤੋ ਵਿਰੁੱਧ ਪਟੀਸ਼ਨਾਂ ਵੀ ਪੈਂਡਿੰਗ ਪਈਆਂ ਹਨ ਜਿਨ੍ਹਾਂ ਵਿੱਚ ਐਡਵੋਕੇਟ, ਵੋਟਰ, ਸਿਆਸੀ ਲੀਡਰ ਅਤੇ ਖ਼ੁਦ ਆਮ ਆਦਮੀ ਪਾਰਟੀ ਵੱਲੋਂ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਸ਼ਿਕਾਇਤ ਕਰਨ ਵਾਲਿਆਂ ਵਿੱਚ ਸ਼ਾਮਲ ਹਨ।

# ਅੰਸਾਰੀ ਨੂੰ ਪੰਜਾਬ ਪੁਲਸ ਨੇ ਪੁਰਾਣੇ ਕਤਲ ਕੇਸ ਵਿੱਚ ਦੋਸ਼ੀ ਬਣਾਇਐ



ਰੂਪਨਗਰ, 9 ਮਾਰਚ (ਪੋਸਟ ਬਿਊਰੋ)- ਏਥੋਂ ਦੀ ਜ਼ਿਲ੍ਹਾ ਜੇਲ੍ਹ ਵਿੱਚ ਬੰਦ ਉੱਤਰ ਪ੍ਰਦੇਸ਼ ਦੇ ਬਾਹੂਬਲੀ ਨੇਤਾ ਮੁਖਤਾਰ ਅੰਸਾਰੀ ਬਾਰੇ ਦਿਲਚਸਪ ਤੱਥ ਸਾਹਮਣੇ ਆਇਆ ਹੈ। ਪੁਲਸ ਨੇ ਦੱਸਿਆ ਕਿ ਅੰਸਾਰੀ ਰੂਪਨਗਰ ਜ਼ਿਲ੍ਹੇ ਦੇ ਥਾਣਾ ਮੋਰਿੰਡਾ ਵਿੱਚ ਛੇ ਸਾਲ ਪੁਰਾਣੇ ਇੱਕ ਮਜ਼ਦੂਰ ਦੇ ਕਤਲ ਦੇ ਕੇਸ ਵਿੱਚ ਦੋਸ਼ੀ ਹੈ ਅਤੇ ਉਸ ਤੋਂ ਇਸ ਕੇਸ ਵਿੱਚ ਪੁੱਛਗਿੱਛ ਕੀਤੀ ਜਾਣੀ ਹੈ। ਜਿਸ ਸ਼ਿਕਾਇਤਕਰਤਾ ਦੇ ਬਿਆਨ ਉੱਤੇ ਅੰਸਾਰੀ ਨੂੰ ਦੋਸ਼ੀ ਬਣਾਇਆ ਗਿਆ ਹੈ, ਉਸ ਨੇ ਇਸ ਤੋਂ ਇਨਕਾਰ ਕਰ ਦਿੱਤਾ ਹੈ ਕਿ ਅੰਸਾਰੀ ਦਾ ਉਸ ਦੇ ਭਰਾ ਪਵਨ ਕੁਮਾਰ ਦੇ ਕਤਲ ਨਾਲ ਕੋਈ ਸਬੰਧ ਸੀ।

ਰੂਪਨਗਰ ਪੁਲਸ ਦਾ ਦਾਅਵਾ ਹੈ ਕਿ ਅੰਸਾਰੀ ਨੂੰ ਮੋਰਿੰਡਾ ਵਿੱਚ 26 ਨਵੰਬਰ 2014 ਵਿੱਚ ਇੱਕ ਮਜ਼ਦੂਰ ਪਵਨ ਕੁਮਾਰ ਦੀ ਹੱਤਿਆ ਦੇ ਕੇਸ ਵਿੱਚ ਸ਼ਾਮਲ ਦੱਸਿਆ ਗਿਆ ਹੈ। ਪਵਨ ਦੀ ਭੈਣ ਵਿਦਿਆ ਰਾਣੀ ਨੇ 2019 ਵਿੱਚ ਇਸ ਬਾਰੇ ਬਿਆਨ ਦਿੱਤੇ ਸਨ। ਅੰਸਾਰੀ ਨੂੰ ਪ੍ਰੋਡਕਸ਼ਨ ਵਾਰੰਟ ਉੱਤੇ ਲਿਆਉਣ ਲਈ ਅਦਾਲਤ ਤੋਂ ਜੁਲਾਈ 2019 ਤੋਂ ਲੈ ਕੇ ਅਕਤੂਬਰ 2019 ਤੱਕਚਾਰ ਵਾਰ ਹੁਕਮ ਹੋ ਚੁੱਕੇ ਹਨ, ਪਰ ਮੈਡੀਕਲ ਗਰਾਊਂਡ ਉੱਤੇ ਅਨਫਿਟ ਕਰਾਰ ਦਿੱਤੇ ਜਾਣ ਦੇ ਕਾਰਨ ਪੁਲਸ ਉਸ ਨੂੰ ਗ੍ਰਿਫਤਾਰ ਨਹੀਂ ਕਰ ਸਕੀ। ਉਧਰ ਉਤਰ ਪ੍ਰਦੇਸ਼ ਸਰਕਾਰ ਵੀ ਉਸ ਨੂੰ ਹਿਰਾ-ਸਤ ਵਿੱਚ ਲੈਣ ਲਈ ਯਤਨਸ਼ੀਲ ਹੈ।ਰੂਪ ਨਗਰ ਦੇ ਐਸ ਪੀ (ਡੀ) ਅਜਵਿੰਦਰ ਸਿੰਘ ਦਾ ਕਹਿਣਾ ਹੈ ਕਿ ਮੁਖਤਾਰ ਅੰਸਾਰੀ ਦੇ ਖਿਲਾਫ 2014 ਵਿੱਚ ਸ਼ਿਕਾਇਤਕਰਤਾ ਵੱਲੋਂਦਿੱਤੇ ਬਿਆਨ ਪੁਲਸ ਦੇ ਕੋਲ ਦਰਜ ਹਨ, ਜੇ ਉਹ ਕਿਸੇ ਕਾਰਨ ਅੱਜ ਆਪਣੇ ਬਿਆਨ ਤੋਂ ਮੁਕਰ ਰਹੀ ਹੈ ਤਾਂ ਇਸ ਬਾਰੇ ਅਸੀਂ ਕੁਝ ਨਹੀਂ ਕਹਿ ਸਕਦੇ।

ਜਦ ਮੀਡੀਆ ਨੇ ਇਸ ਬਾਰੇ ਵਿਦਿਆ ਰਾਣੀ ਤੋਂ ਪੁੱਛਿਆ ਉਸ ਨੇ ਸਾਫ ਸ਼ਬਦਾਂ ਵਿੱਚ ਕਿਹਾ ਕਿ ਉਸ ਨੂੰ ਮੁਖਤਾਰ ਅੰਸਾਰੀ ਉੱਤੇ ਕੋਈ ਸ਼ੱਕ ਨਹੀਂ, ਉਸ ਦਾ ਭਰਾ ਆਮ ਇਨਸਾਨ ਸੀ ਅਤੇ ਮਜ਼ਦੂਰੀ ਕਰਦਾ ਸੀ, ਉਸ ਦੀ ਕਿਸੇ ਨਾਲ ਕੀ ਦੁਸ਼ਮਣੀ ਹੋ ਸਕਦੀ ਹੈ। ਉਸ ਦਾ ਕਿਸੇ ਗੈਂਗਸਟਰ ਜਾਂ ਸਿਆ-ਸਤਦਾਨ ਨਾਲ ਕੋਈ ਸਬੰਧ ਨਹੀਂ ਸੀ।

# ਸ਼ਾਪਿੰਗ ਮਾਲ ਵਿੱਚ ਨਕਲੀ ਬਿੱਲ ਦੇ ਨਾਲ ਸ਼ਾਪਿੰਗ ਕਰਦੇ ਦੋ ਨੌਜਵਾਨ ਕਾਬੂ

ਜਲੰਧਰ, 9 ਮਾਰਚ (ਪੋਸਟ ਬਿਊਰੋ)- ਗੁਰੂ ਨਾਨਕ ਮਿਸ਼ਨ ਚੌਕ ਵਿੱਚ ਇੱਕ ਸ਼ਾਪਿੰਗ ਮਾਲ ਨੂੰ ਹੁਸ਼ਿਆਰਪੁਰ ਦੇ ਦੋ ਨੌਜਵਾਨਾਂ ਨੇ ਚੂਨਾ ਲਾ ਦਿੱਤਾ। ਉਨ੍ਹਾਂ ਨੇ ਘਰ ਵਿੱਚ ਕੰਪਿਊਟਰ ਵਿੱਚੋਂ ਹੂ ਬ ਹੂ ਬਿੱਲ ਛਾਪੇ ਅਤੇ ਸਟੋਰ ਵਿੱਚੋਂ ਸਾਮਾਨ ਇਕੱਠਾ ਕਰ ਕੇ ਕੈਸ਼ ਕਾਊਂਟਰ ਉੱਤੇ ਬਿੱਲ ਕਟਵਾਉਣ ਦੀ ਬਜਾਏ ਸਕਿਓਰਿਟੀ ਗਾਰਡ ਨੂੰ ਨਕਲੀ ਬਿੱਲ ਦਿਖਾ ਕੇ ਚਲੇ ਗਏ। ਇੱਕ ਵਾਰ ਸਾਮਾਨ ਲੈ ਜਾਣ ਪਿੱਛੋਂ ਉਹ ਫਿਰ ਮਾਲ ਵਿੱਚ ਆਏ, ਪਰ ਇਸ ਵਾਰ ਫੜੇ ਗਏ।

ਸ਼ਾਪਿੰਗ ਮਾਲ ਦੇ ਮੈਨੇਜਰ ਕਿਸ਼ੋਰ ਕੁਮਾਰ ਨੇ ਦੱਸਿਆਕਿ ਸਟੋਰ ਦਾ ਸਾਰਾ ਸਾਮਾਨ ਉਸ ਦੀ ਨਿਗਰਾਨੀ ਵਿੱਚ ਹੁੰਦਾ ਹੈ। ਕੁਝ ਦਿਨ ਪਹਿਲਾਂ ਦੋ ਲੜਕੇ ਮਾਲ ਦੇ ਅੰਦਰ ਆਏ ਅਤੇ ਕਾਫੀ ਸਾਮਾਨ ਲਿਆ, ਪਰ ਕਾਊਂਟਰ ਤੋਂ ਬਿੱਲ ਨਹੀਂ ਕਟਵ-ਾਇਆ। ਐਗਜ਼ਿਟ ਗੇਟ ਉੱਤੇ ਸਕਿਓਰਿਟੀ ਗਾਰਡ ਨੂੰ ਫਰਜ਼ੀ ਬਿੱਲ ਦਿਖਾ ਕੇ ਉਹ ਸਾਮਾਨ ਲੈ ਗਏ।ਐਤਵਾਰ ਨੂੰ ਦੁਪਹਿਰ ਵੇਲੇ ਉਹ ਫਿਰ ਮਾਲ ਵਿੱਚ ਆ ਗਏ ਅਤੇ ਕਾਫੀ ਸਾਮਾਨ ਲਿਆ ਅਤੇ ਕੈਸ਼ ਕਾਊਂਟਰ ਤੋਂ ਬਿੱਲ ਕਟਵਾਉਣ ਦੀਥਾਂ ਸਿੱਧੇ ਜਾਣ ਲੱਗੇ। ਇਹ ਦੇਖ ਕੇ ਉਨ੍ਹਾਂ ਨੇ ਸਟਾਫ ਦੀ ਮਦਦ ਨਾਲ ਦੋਵਾਂ ਨੂੰ ਫੜ ਲਿਆ। ਉਨ੍ਹਾਂ ਨੇ ਜਾਂਚ ਕੀਤੀ ਤਾਂ ਉਨ੍ਹਾਂ ਦੇ ਕੋਲੋਂ ਐਤਵਾਰ ਦੇ ਕੱਟੇ 7129 ਅਤੇ 5940 ਦੇ ਦੋ ਬਿੱਲ ਮਿਲੇ, ਜਿਨ੍ਹਾਂ ਉੱਤੇ ਸਮਾਂ ਨਹੀਂ ਪਾਇਆ ਗਿਆ ਸੀ। ਉਨ੍ਹਾਂ ਦੀ ਜੇਬ ਵਿੱਚੋਂ 7029 ਅਤੇ 5943 ਰੁਪਏ ਦੇ ਦੋ ਹੋਰ ਬਿੱਲ ਮਿਲੇ। ਦੋਸ਼ੀ ਬਿੱਲਾਂ ਉੱਤੇ ਸਮਾਂ ਵੀ ਪਾਉਂਦੇ ਸਨ ਅਤੇ ਉਸੇ ਦੇ ਆਧਾਰ ਉੱਥੇ ਦੋਵਾਂ ਨੌਜਵਾਨਾਂ ਨੂੰ ਫੜ ਕੇ ਪੁਲਸ ਦੇ ਹਵਾਲੇ ਕਰ ਦਿੱਤਾ ਗਿਆ ਹੈ।

# ਔਰਤਾਂ ਅਤੇ ਬੱਚੀਆਂ ਦੇ ਸ਼ਕਤੀਕਰਨ ਦੀ ਪ੍ਰਤੀਬੱਧਤਾ ਲਈ ਪੰਜਾਬ ਦੀ ਵਿਧਾਨ ਸਭਾ ਵਿੱਚ ਮਤਾ ਪਾਸ

ਚੰਡੀਗੜ੍ਹ, 9 ਮਾਰਚ (ਪੋਸਟ ਬਿਊਰੋ)- ਪੰਜਾਬ ਵਿਧਾਨਸਭਾ ਨੇ ਕੱਲ੍ਹ ਸਰਬਸੰਮਤੀ ਨਾਲ ਮਤਾ ਪਾਸ ਕਰਕੇ 'ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾਉਣ ਲਈ ਔਰਤਾਂ ਦੇ ਸਿਰੜੀ ਜਜ਼ਬੇ' ਨੂੰ ਸਲਾਮ ਕੀਤਾ।

ਇਸ ਮੌਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਰਵਾਰਾਂ, ਕੰਮ-ਕਾਜ ਵਾਲੀਆਂ ਥਾਵਾਂ ਅਤੇ ਸਮਾਜ ਵਿੱਚ ਹਰ ਪੱਧਰ ਉੱਤੇਔਰਤਾਂ ਤੇ ਲੜਕੀਆਂ ਦੇ ਸ਼ਕਤੀਕਰਨ ਪ੍ਰਤੀ ਆਪਣੀ ਸਰਕਾਰ ਦੀ ਮਜ਼ਬੂਤ ਅਤੇ ਨਿਰੰਤਰ ਵਚਨਬੱਧਤਾ ਦਾ ਐਲਾਨ ਕੀਤਾ ਹੈ।ਉਨ੍ਹਾਂ ਨੇ ਮਤਾ ਪੇਸ਼ ਕੀਤਾ ਕਿ ਇਸ ਦੁਨੀਆ ਨੂੰ ਰਹਿਣਯੋਗ ਬਿਹਤਰ ਥਾਂ ਬਣਾਉਣ ਵਿੱਚ ਔਰਤਾਂ ਦੇ ਅਥਾਹ ਯੋਗਦਾਨ ਨੂੰ ਮਾਨਤਾ ਦਿੰਦਿਆਂ ਇਹਸਦਨ ਸੰਕਲਪ ਕਰਦਾ ਹੈ ਕਿ ਔਰਤਾਂ ਨੂੰ ਬਰਾਬਰੀ, ਨਿਆਂ ਤੇ ਆਜ਼ਾਦੀ ਦਾ ਮਾਹੌਲ ਪੇਸ਼ ਕਰਨ ਲਈ ਸਮਰਪਣ ਨਾਲ ਕੰਮ ਕਰੇਗਾ ਤਾਂ ਜੋ ਪੰਜਾਬ ਅਤੇ ਦੇਸ਼ ਦੀ ਤਰੱਕੀ ਵਿੱਚ ਔਰਤਾਂ ਬਰਾਬਰ ਦੀਆਂ ਭਾਈਵਾਲ ਬਣ ਕੇ ਯੋਗਦਾਨ ਪਾਉਣ। ਰਾਜ ਸਰਕਾਰ ਵੱਲੋਂ ਸ਼ਹਿਰੀ ਲੋਕਲ ਬਾਡੀਜ਼ ਤੇ ਪੰਚਾਇਤੀ ਰਾਜ ਸੰਸਥਾਵਾਂ ਵਿੱਚ ਔਰਤਾਂ ਨੂੰ 50 ਫੀਸਦੀ ਅਤੇ ਸਰਕਾਰੀ ਨੌਕਰੀਆਂ ਵਿੱਚ 33 ਫ਼ੀਸਦੀ ਰਾਖਵਾਂਕਰਨ ਦੇਣ ਬਾਰੇ ਕੀਤੇ ਫੈਸਲਿਆਂ ਦੀ ਸ਼ਲਾਘਾ ਕਰਦਿਆਂ ਸਦਨ ਨੇ ਇਹ ਪੱਖ ਵਿਚਾਰਿਆ ਕਿ 'ਇਸ ਨਾਲ ਫੈਸਲੇ ਲੈਣ ਦੀ ਸਮਰੱਥਾ ਵਿੱਚ ਔਰਤਾਂ ਦੀ ਬਿਹਤਰ ਨੁਮਾਇੰਦਗੀ ਸਣੇ ਭਵਿੱਖ ਵਿੱਚ ਉਨ੍ਹਾਂ ਦੇ ਹਿੱਤਾਂ ਦੀ ਹਿਫ਼ਾਜ਼ਤ ਯਕੀਨੀ ਬਣਾਈ ਜਾ ਸਕੇਗੀ।'

# ਟਰੱਕ ਅਤੇ ਬਾਈਕ ਦੀ ਟੱਕਰ ਵਿੱਚ ਔਰਤ ਦੀ ਮੌਤ, ਦੋ ਜ਼ਖਮੀ




ਰੋਪੜ, 9 ਮਾਰਚ (ਪੋਸਟ ਬਿਊਰੋ)- ਰੋਪੜ-ਚੰਡੀਗੜ੍ਹ ਮੁੱਖ ਮਾਰਗ ਉੱਤੇ ਸੰਤ ਨਿਰੰਕਾਰੀ ਭਵਨ ਨੇੜੇ ਟਰੱਕ ਅਤੇ ਦੋ ਪਹੀਆ ਵਾਹਨ ਦੀ ਟੱਕਰ ਵਿੱਚ ਬਾਈਕ ਸਵਾਰ ਔਰਤ ਦੀ ਮੌਤ ਹੋ ਗਈ ਅਤੇ ਦੂਸਰੀ ਸਕੂਟਰੀ ਚਾਲਕ ਔਰਤ ਗੰਭੀਰ ਜ਼ਖਮੀ ਹੋ ਗਈ, ਜਿਸ ਨੂੰ ਪੀ ਜੀ ਆਈ ਚੰਡੀਗੜ੍ਹ ਰੈਫਰ ਕਰ ਦਿੱਤਾ ਗਿਆ। ਹਾਦਸੇ ਵਿੱਚ ਸਕੂਟਰੀ ਸਵਾਰ ਔਰਤ ਦਾ 16 ਸਾਲਾ ਪੁੱਤਰ ਵੀ ਜ਼ਖਮੀ ਹੋਇਆ ਦੱਸਿਆ ਜਾ ਰਿਹਾ ਹੈ।

ਪਤਾ ਲੱਗਾ ਹੈ ਕਿ ਮ੍ਰਿਤਕ ਔਰਤ ਆਪਣੇ ਪਤੀ ਦੇ ਨਾਲ ਬਾਈਕ ਉੱਤੇ ਪਤੀ ਦੇ ਮਾਮੇ ਦੇ ਲੜਕੇ ਦੀ ਮੌਤ ਉੱਤੇ ਅਫਸੋਸ ਕਰਨ ਜਾ ਰਹੀ ਸੀ। ਘਟਨਾ ਵਾਲੀ ਥਾਂ ਤੋਂ ਪਿੰਡ ਕੋਟਲਾ ਨਿਹੰਗ ਇੱਕ ਕਿਲੋਮੀਟਰ ਦੀ ਦੂਰ ਹੈ। ਸਕੂਟਰੀ ਸਵਾਰ ਔਰਤ ਆਪਣੇ ਪੁੱਤਰ ਨਾਲ ਭੱਠਾ ਸਾਹਿਬ ਨੇੜੇ ਸਰਕਾਰੀ ਰਾਸ਼ਨ ਦੇ ਡਿਪੂ ਉੱਤੇ ਰਾਸ਼ਨ ਲੈਣ ਜਾ ਰਹੀ ਸੀ।ਇਥੇ ਟਰੱਕ ਦੀ ਫੇਟ ਲੱਗਣ ਕਾਰਨ ਜ਼ਖਮੀ ਹੋਈ ਕੁਲਵਿੰਦਰ ਕੌਰ ਪਤਨੀ ਓਂਕਾਰ ਸਿੰਘ ਵਾਸੀ ਬੜੀ ਹਵੇਲੀ ਦੇ ਬੇਟੇ ਅਮਰਿੰਦਰ ਸਿੰਘ ਨੇ ਦੱਸਿਆ ਕਿ ਉਹ ਆਪਣੀ ਮਾਤਾ ਨਾਲ ਪਿੰਡ ਭੱਠਾ ਸਾਹਿਬ ਨੇੜੇ ਸਰਕਾਰੀ ਰਾਸ਼ਨ ਦੇ ਡਿਪੂ ਉੱਤੇ ਰਾਸ਼ਨ ਲੈਣ ਦੇ ਲਈ ਜਾ ਰਿਹਾ ਸੀ।ਜਦੋਂ ਉਹ ਸੰਤ ਨਿਰੰਕਾਰੀ ਭਵਨ ਦੇ ਨਜ਼ਦੀਕ ਅੱਗੇ ਜਾ ਰਹੇ ਵਾਹਨ ਦੇ ਕਾਰਨ ਰੁਕੇ ਤਾਂ ਪਿੱਛਿਓਂ ਆ ਰਹੇ ਟਰੱਕ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ।ਘਟਨਾ ਦੇ ਬਾਅਦ ਕੰਟਰੋਲ ਤੋਂ ਬਾਹਰ ਹੋਏ ਟਰੱਕ ਨੂੰ ਟਰੱਕ ਚਾਲਕ ਸੜਕ ਵਿਚਾਲੇ ਛੱਡ ਕੇ ਫਰਾਰ ਹੋ ਗਿਆ, ਜਿਸ ਕਾਰਨ ਟਰੈਫਿਕ ਪ੍ਰਭਾਵਤ ਹੋਣ ਕਾਰਨ ਜਾਮ ਲੱਗ ਗਿਆ। ਮ੍ਰਿਤਕ ਗੁਰਬਖਸ਼ ਕੌਰ (40) ਦੇ ਪਤੀ ਸਤਪਾਲ ਸਿੰਘ ਪਿੰਡ ਰੱਤੇਵਾਲ ਬਲਾਚੌਰ ਜ਼ਿਲ੍ਹਾ ਨਵਾਂ ਸ਼ਹਿਰ ਨੇ ਦੱਸਿਆ ਕਿ ਉਹ ਬਾਈਕ ਉੱਤੇ ਪਿੰਡ ਕੋਟਲਾ ਨਿਹੰਗ ਵਿੱਚ ਮਾਮੇ ਦੇ ਲੜਕੇ ਦੀ ਚਾਰ ਦਿਨ ਪਹਿਲਾਂ ਹੋਈ ਮੌਤ ਦਾ ਅਫਸੋਸ ਕਰਨ ਜਾ ਰਹੇ ਸਨ।

# ਅਸੈਂਬਲੀ ਵਿੱਚ ਮੰਤਰੀ ਨੇ ਮੰਨਿਆ: ਮੁਸ਼ਤਰਕਾ ਖਾਤੇ ਦੀ ਜ਼ਮੀਨ ਉੱਤੇ ਡੇਰੇਦਾਰ ਨੇ ਕਬਜ਼ਾ ਕੀਤੈ



ਚੰਡੀਗੜ੍ਹ, 9 ਮਾਰਚ (ਪੋਸਟ ਬਿਊਰੋ)- ਵਿਧਾਇਕ ਹਰਮਿੰਦਰ ਸਿੰਘ ਗਿੱਲ ਦੇ ਸਵਾਲ ਦੇ ਜਵਾਬ ਵਿੱਚ ਮਾਲੀਆ ਅਤੇ ਆਫਤ ਪ੍ਰਬੰਧ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਨੇ ਇਹ ਗੱਲ ਮੰਨੀ ਹੈ ਕਿ ਵਿਧਾਨ ਸਭਾ ਹਲਕਾ ਪੱਟੀ ਹੇਠ ਸਾਬਕਾ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੇ ਪਿੰਡ ਕੈਰੋਂ ਦੀ 35 ਏਕੜ 5 ਕਨਾਲ ਮੁਸ਼ਤਰਕਾ ਜ਼ਮੀਨ ਡੇਰੇਦਾਰ ਬਾਬਾ ਸੁਰਜੀਤ ਸਿੰਘ ਨੇ ਆਪਣੇ ਨਾਮ ਕਰਵਾ ਲਈ ਸੀ। ਇਸ ਦੀ ਜਾਂਚ ਡੀ ਡੀ ਪੀ ਓ ਤਰਨਤਾਰਨ ਨੇ ਕੀਤੀ ਅਤੇ ਇਸ ਮਾਮਲੇ ਵਿੱਚ ਸ਼ਾਮਲ ਅਧਿਕਾਰੀਆਂ ਦੀ ਪਛਾਣ ਕਰਨ ਪਿੱਛੋਂ ਰਿਕਾਰਡ ਵਿੱਚ ਗਲਤੀਆਂ ਨੂੰ ਦਰੁਸਤ ਕਰ ਲਿਆ ਹੈ ਅਤੇ ਡੀ ਡੀ ਪੀ ਓ ਤਰਨਤਾਰਨ ਨੇ ਐਸ ਐਸ ਪੀ ਤਰਨ-ਤਾਰਨ ਨੂੰ ਬਾਬਾ ਸੁਰਜੀਤ ਸਿੰਘ ਵਿਰੁੱਧ ਕਾਰਵਾਈ ਲਈ ਲਿਖਿਆ ਹੈ।

ਇਸ ਦੌਰਾਨ ਵਿਧਾਇਕ ਦਲਬੀਰ ਸਿੰਘ ਗੋਲਡੀ ਦੇ ਸਵਾਲ ਦੇ ਜਵਾਬ ਵਿੱਚ ਸਿਹਤ ਤੇ ਪਰਵਾਰ ਭਲਾਈ ਮੰਤਰੀ ਨੇ ਸਦਨ ਵਿੱਚ ਦੱਸਿਆਕਿ ਐਸ ਡੀ ਐਚ ਹਸਪਤਾਲ ਧੂਰੀ ਦੀ ਬਿਲਡਿੰਗ ਦੀ ਮੁਰੰਮਤ ਅਤੇ ਨਵੀਨੀਕਰਨ ਸਰਕਾਰ ਦੇ ਵਿਚਾਰ ਅਧੀਨ ਹੈ, ਕਿਉਂਕਿ ਸਰਕਾਰ ਨੇ ਚਾਲੂ ਸਾਲ ਦੇ ਬਜਟ ਵਿੱਚ ਇਸ ਦੀ ਵਿਵਸਥਾ ਕੀਤੀ ਹੈ। ਇਸ ਕਾਰਜ ਲਈ ਪ੍ਰਬੰਧਕੀ ਮਨਜ਼ੂਰੀ ਮਿਲਦੇ ਸਾਰ ਮੁਰੰਮਤ ਅਤੇ ਨਵੀਨੀਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ, ਪਰ ਨਾਲ ਹੀ ਸਪੱਸ਼ਟ ਕੀਤਾ ਕਿ ਐਮ ਐਚ ਹਸਪਤਾਲ ਦੀ ਬਿਲਡਿੰਗ ਲਈ ਸਿਵਲ ਹਸਪਤਾਲ ਧੂਰੀ ਵਿੱਚ ਪੰਜ ਵਿਸ਼ੇਸ਼ ਕਮਰੇ ਬਣਾਉਣ ਦੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਅਤੇ ਨਾ ਸਰਕਾਰੀ ਰਿਹਾਇਸ਼ੀ ਮਕਾਨਾਂ ਦੀ ਮੁਰੰਮਤਦਾ ਵਿਚਾਰ ਕੀਤਾ ਜਾ ਰਿਹਾ ਹੈ। ਵਿਧਾਇਕ ਨਿਰਮਲ ਸਿੰਘ ਦੇ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਦਨ ਨੂੰ ਲਿਖਤੀ ਤੌਰ ਉੱਤੇ ਜਾਣਕਾਰੀ ਦਿੱਤੀ ਕਿ ਅਗਲੇ ਸਾਲ 2021-22 ਦੌਰਾਨ ਪਾਤੜਾਂ ਵਿੱਚ ਨਵੀਂ ਅਨਾਜ ਮੰਡੀ ਬਣਾਏ ਜਾਣ ਦੀਤਜਵੀਜ਼ ਹੈ।ਵਿਧਾਇਕ ਹਰਦਿਆਲ ਸਿੰਘ ਕੰਬੋਜ ਦੇ ਸਵਾਲ ਦੇ ਜਵਾਬ ਵਿੱਚ ਲੋਕਲ ਬਾਡੀਜ਼ ਮੰਤਰੀ ਬ੍ਰਹਮ ਮਹਿੰ-ਦਰਾ ਨੇ ਦੱਸਿਆ ਕਿ ਇਸ ਸਮੇਂ ਰਾਜਪੁਰਾ ਵਿੱਚ ਦੋ ਸੀਵਰੇਜ ਟਰੀਟਮੈਂਟ ਪਲਾਂਟ ਚਾਲੂ ਹਨ, ਇੱਕ ਹੋਰ ਪਲਾਂਟ ਦੀ ਤਜਵੀਜ਼ ਹੈ, ਜਿਸ ਦੀ ਮਨਜ਼ੂਰੀ ਮਿਲਦੇ ਸਾਰ ਕੰਮ ਸ਼ੁਰੂ ਹੋ ਜਾਵੇਗਾ।ਵਿਧਾਇਕ ਨਵਤੇਜ ਸਿੰਘ ਚੀਮਾ ਦੇ ਸਵਾਲ ਦੇ ਜਵਾਬ ਵਿੱਚ ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ ਓ ਪੀ ਸੋਨੀ ਨੇ ਕਿਹਾ ਕਿ ਕਪੂਰਥਲਾ ਜ਼ਿਲ੍ਹੇ ਦੇ ਸੁਲਤਾਨਪੁਰ ਲੋਧੀ ਵਿੱਚ ਨਰਸਿੰਗ ਕਾਲਜ ਖੋਲ੍ਹਣ ਦਾ ਕਈ ਪ੍ਰਸਤਾਵ ਅਜੇ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

# ਪਤਨੀ ਨਾਲ ਝਗੜੇ ਮਗਰੋਂ ਪਤੀ ਨੇ ਲਿਆ ਫਾਹਾ

ਮੁਕਤਸਰ, 9 ਮਾਰਚ (ਪੋਸਟ ਬਿਊਰੋ)- ਸੁਸਾਈਡ ਲਈ ਮਜਬੂਰ ਕਰਨ ਉੱਤੇ ਥਾਣਾ ਸਿਟੀ ਮੁਕਤਸਰ ਦੀ ਪੁਲਸ ਨੇ ਨੌਜਵਾਨ ਦੀ ਪਤਨੀ ਸਮੇਤ ਚਾਰ ਜਣਿਆਂ ਵਿਰੁੱਧ ਕੇਸ ਦਰਜ ਕੀਤਾ ਹੈ।

ਪੁਲਸ ਨੂੰ ਗੁਰਜੀਤ ਸਿੰਘ ਵਾਸੀ ਮੁਕਤਸਰ ਨੇ ਦੱਸਿਆ ਕਿ ਉਸ ਦਾ ਵੱਡਾ ਪੁੱਤਰ ਅਮਰਿੰਦਰ ਸਿੰਘ ਜ਼ਿਲ੍ਹਾ ਕਚਹਿਰੀ ਮੁਕਤਸਰ ਵਿੱਚ ਨੌਕਰੀ ਕਰਦਾ ਸੀ ਅਤੇ ਤਿੰਨ ਸਾਲ ਪਹਿਲਾਂ ਰਣਜੀਤ ਕੌਰ ਵਾਸੀ ਭੱਠੇ ਵਾਲੀ ਗਲੀ ਮੁਕਤਸਰ ਨਾਲ ਉਸ ਦਾ ਵਿਆਹ ਹੋਇਆ ਸੀ। ਡੇਢ ਸਾਲ ਪਹਿਲਾਂ ਤੋਂ ਅਮਰਿੰਦਰ ਦਾ ਪਤਨੀ ਨਾਲ ਝਗੜਾ ਚੱਲ ਰਿਹਾ ਸੀ। ਸੱਤ-ਅੱਠ ਮਹੀਨੇ ਤੋਂ ਰਣਜੀਤ ਕੌਰ ਪੇਕੇ ਰਹਿ ਰਹੀ ਸੀ। ਅਮਰਿੰਦਰ ਅਤੇ ਰਣਜੀਤ ਕੌਰ ਦਾ ਤਲਾਕ ਸਬੰਧੀ ਸੈਸ਼ਨ ਕੋਰਟ ਮੁਕਤਸਰ ਵਿੱਚ ਕੇਸ ਚੱਲ ਰਿਹਾ ਸੀ। ਸੱਤ ਮਾਰਚ ਨੂੰ ਉਸ ਦਾ ਲੜਕਾ ਅਮਰਿੰਦਰ ਸਿੰਘ ਘਰ ਆਇਆ। ਉਸ ਨੇ ਕਿਹਾ ਕਿ ਮੇਰੀ ਪਤਨੀ ਰਣਜੀਤ ਕੌਰ ਵਾਰ-ਵਾਰ ਵਾਟਸਐਪ ਉੱਤੇ ਮੈਸੇਜ ਕਰਕੇ ਪ੍ਰੇਸ਼ਾਨ ਕਰਦੀ ਅਤੇ ਕਹਿੰਦੀ ਹੈ ਕਿ ਮੈਂ ਤੇਰੇ ਤੋਂ ਬਹੁਤ ਦੁਖੀ ਹਾਂ, ਤੂੰ ਮਰ ਜਾਏਂ ਤਾਂ ਮੈਂ ਸੁਖੀ ਹੋ ਜਾਵਾਂਗੀ। ਜਿੰਨੀਆਂ ਵੀ ਪੰਚਾਇਤਾਂ ਹੋਈਆਂ, ਉਨ੍ਹਾਂ ਵਿੱਚ ਚਿੱਟੇ ਦਾ ਨਸ਼ਾ ਕਰਨ ਦੇ ਦੋਸ਼ ਲਾਏ ਗਏ ਅਤੇ ਐਤਵਾਰ ਸ਼ਾਮ ਅਮਰਿੰਦਰ ਨੇ ਫਾਹਾ ਲਾ ਕੇ ਖ਼ੁਦਕੁਸ਼ੀ ਕਰ ਲਈ ਹੈ।

## ਬਹਿਬਲ ਗੋਲੀ ਕਾਂਡ:

# ਸੁਮੇਧ ਸੈਣੀ ਤੇ ਉਮਰਾਨੰਗਲ ਅਦਾਲਤ ਵਿੱਚ ਪੇਸ਼

* ਮੁਚੱਲਕਾ ਭਰਨ ਮਗਰੋਂ ਜ਼ਮਾਨਤ ਉੱਤੇ ਰਿਹਾਅ

ਫਰੀਦਕੋਟ, 9 ਮਾਰਚ (ਪੋਸਟ ਬਿਊਰੋ)- ਬਹਿਬਲ ਗੋਲੀ ਕਾਂਡ ਵਿੱਚ ਦੋਸ਼ੀ ਨਾਮਜ਼ਦ ਹੋਣ ਤੋਂ ਬਾਅਦ ਪੰਜਾਬ ਦੇ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਕੱਲ੍ਹ ਪਹਿਲੀ ਵਾਰ ਫਰੀਦਕੋਟ ਦੀ ਅਦਾਲਤ ਵਿੱਚ ਨਿੱਜੀ ਤੌਰ ਉੱਤੇ ਪੇਸ਼ ਹੋਏ।

ਦੂਹਰੇ ਕਤਲ ਕਾਂਡ ਵਿੱਚ ਦੋਸ਼ੀ ਵਜੋਂ ਨਾਮਜ਼ਦ ਹੋਏ ਪੰਜਾਬ ਦੇ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਨੂੰ ਇਲਾਕਾ ਮੈਜਿਸਟਰੇਟ ਸੁਰੇਸ਼ ਕੁਮਾਰ ਨੇ ਪੰਜਾਬ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਮੁਤਾਬਕ ਇੱਕ ਲੱਖ ਰੁਪਏ ਦੇ ਜ਼ਮਾਨਤਨਾਮੇ ਤੇ ਮੁਚੱਲਕੇ ਭਰਨ ਤੋਂ ਬਾਅਦ ਰਿਹਾਅ ਕਰ ਦਿੱਤਾ।ਹਾਈ ਕੋਰਟ ਨੇ ਚਾਰ ਮਾਰਚ ਨੂੰ ਸੁਮੇਧ ਸੈਣੀ ਨੂੰ ਅਗਾਊਂ ਜ਼ਮਾਨਤ ਦਿੰਦੇ ਹੋਏ ਫਰੀਦਕੋਟ ਦੀ ਅਦਾਲਤ ਵਿੱਚ ਪੇਸ਼ ਹੋਣਦੇ ਹੁਕਮ ਦਿੱਤੇ ਸਨ। ਇਸੇ ਤਰ੍ਹਾਂ ਸਸਪੈਂਡਿਡ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਵੀ ਹਾਈ ਕੋਰਟ ਤੋਂ ਅਗਾਊਂ ਜ਼ਮਾਨਤ ਮਿਲਣ ਮਗਰੋਂ ਇਸ ਕੇਸ ਵਿੱਚ ਕੱਲ੍ਹ ਅਦਾਲਤ ਸਾਹ-ਮਣੇ ਪੇਸ਼ ਹੋਏ। ਅਦਾਲਤ ਨੇ ਉਨ੍ਹਾਂ ਨੂੰ ਵੀ ਇੱਕ ਲੱਖ ਦੇ ਜ਼ਮਾਨਤਨਾਮੇ ਤੇ ਮੁਚੱਲਕੇ ਉਪਰ ਰਿਹਾਅ ਕਰ ਦਿੱਤਾ। ਵਿਸ਼ੇਸ਼ ਜਾਂਚ ਟੀਮ ਨੇ ਇਨ੍ਹਾਂ ਦੋਵਾਂ ਪੁਲਸ ਅਧਿਕਾਰੀਆਂ ਖਿਲਾਫ 15 ਜਨਵਰੀ ਨੂੰ ਅਦਾਲਤ ਵਿੱਚ ਚਲਾਨ ਪੇਸ਼ ਕੀਤਾ ਸੀ। ਕੱਲ੍ਹ ਇਨ੍ਹਾਂ ਦੋਵਾਂ ਸਾਬਕਾ ਪੁਲਸ ਅਧਿਕਾਰੀਆਂ ਦੇ ਅਦਾਲਤ ਵਿੱਚ ਪੇਸ਼ ਹੋਣ ਸਮੇਂ ਅਦਾਲਤ ਨੇ ਚਲਾਨ ਦੀਆਂ ਨਕਲਾਂ ਪੇਸ਼ ਕਰਵਾ ਕੇ ਮੁੜ ਅਦਾਲਤ ਸਾਹ-ਮਣੇ ਪੇਸ਼ ਹੋਣ ਦਾ ਆਦੇਸ਼ ਦਿੱਤਾ। ਸੁਮੇਧ ਸੈਣੀ ਅਤੇ ਪਰਮਰਾਜ ਸਿੰਘ ਉਮਰਾਨੰਗਲ ਉੱਤੇ ਬਹਿਬਲ ਗੋਲੀ ਕਾਂਡ ਦੀ ਸਾਜ਼ਿਸ਼ ਰਚਣ ਦੇ ਵੀ ਦੋਸ਼ ਹਨ। ਇਨ੍ਹਾਂ ਦੋਵਾਂ ਸਾਬਕਾ ਪੁਲਸ ਅਧਿਕਾਰੀਆਂ ਦੇ ਅਦਾਲਤ ਸਾਹਮਣੇ ਪੇਸ਼ਹੋਣ ਨਾਲ ਬਹਿਬਲ ਗੋਲੀ ਕਾਂਡ ਕੇਸ ਦੀ ਸੁਣਵਾਈ ਸ਼ੁਰੂ ਹੋਣ ਦੀ ਵੀ ਸੰਭਾਵਨਾ ਹੈ।

# ਅਣਪਛਾਤੇ ਵਾਹਨ ਦੀ ਟੱਕਰ ਨਾਲ ਮੋਟਰਸਾਈਕਲ ਚਾਲਕ ਦੀ ਮੌਤ



ਜਲੰਧਰ, 9 ਮਾਰਚ (ਪੋਸਟ ਬਿਊਰੋ)- ਬੀਤੀ ਦੇਰ ਰਾਤ ਜਲੰਧਰ-ਪਠਾਨਕੋਟ ਨੈਸ਼ਨਲ ਹਾਈਵੇ ਦੇ ਅੱਡਾ ਸਰਮਸਤਪੁਰ-ਬੱਲਾਂ ਨੇੜੇ ਪੈਟਰੋਲ ਪੰਪ ਤੋਂ ਥੋੜ੍ਹਾ ਅੱਗੇ ਕਿਸੇ ਅਣਪਛਾਤੇ ਵਾਹਨ ਵੱਲੋਂ ਮੋਟਰਸਾਈਕਲ ਨੂੰ ਟੱਕਰ ਮਾਰ ਦੇਣ ਦੇ ਕਾਰਨ ਕਿਸ਼ਨਗੜ੍ਹ ਦੇ ਮੋਟਰਸਾਈਕਲ ਚਾਲਕ ਨੌਜਵਾਨ ਦੀ ਮੌਤ ਹੋ ਜਾਣ ਦੀ ਖ਼ਬਰ ਹੈ।

ਪਤਾ ਲੱਗਾ ਹੈ ਕਿ ਰਾਜ ਕੁਮਾਰ ਪੁੱਤਰ ਜੋਗੀ ਰਾਮ ਵਾਸੀ ਕਿਸ਼ਨਗੜ੍ਹ ਦੇਰ ਰਾਤ ਆਪਣੇ ਮੋਟਰ ਸਾਈਕਲ ਉੱਤੇ ਕਿਸ਼ਨਗੜ੍ਹ ਤੋਂ ਜਲੰਧਰ ਵੱਲ ਕਿਸੇ ਕੰਮ ਜਾ ਰਿਹਾ ਸੀ।ਜਦੋਂ ਉਹ ਬੱਲਾਂ ਨੇੜੇ ਇੱਕ ਪੈਟਰੋਲ ਪੰਪ ਤੋਂ ਥੋੜ੍ਹਾ ਅੱਗਿਓਂ ਲੰਘ ਰਿਹਾ ਸੀ ਤਾਂ ਉਸ ਦੇ ਮੋਟਰਸਾਈਕਲ ਨੂੰ ਕਿਸੇ ਵਾਹਨ ਨੇ ਟੱਕਰ ਮਾਰ ਦਿੱਤੀ, ਜਿਸ ਨਾਲ ਰਾਜ ਕੁਮਾਰ ਮੋਟਰਸਾਈਕਲ ਸਮੇਤ ਸੜਕ ਵਿਚਕਾਰ ਡਿੱਗ ਪਿਆ ਤੇ ਗੰਭੀਰ ਜ਼ਖ਼ਮੀ ਹੋ ਗਿਆ। ਸੂਚਨਾ ਮਿਲਣ ਉੱਤੇ ਪਰਵਾਰ ਨੇ ਮੌਕੇ ਉੱਤੇ ਪਹੁੰਚ ਕੇ ਸਥਾਨਕ ਲੋਕਾਂ ਦੀ ਮਦਦ ਨਾਲ ਉਸ ਨੂੰ ਸਿਵਲ ਹਸਪਤਾਲ ਲਿਆਂਦਾ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਕਿਸ਼ਨਗੜ੍ਹ ਚੌਕੀ ਦੇ ਇੰਚਾਰਜ ਐਸ ਆਈ ਹਰਦੀਪ ਸਿੰਘ ਨੇ ਦੱਸਿਆ ਕਿ ਰਾਜ ਕੁਮਾਰ ਦੇ ਪਰਵਾਰਕ ਮੈਂਬਰਾਂ ਦੇ ਬਿਆਨਾਂ ਉੱਤੇ ਅਣਪਛਾਤੇ ਵਾਹਨ ਚਾਲਕ ਉੱਤੇਕੇਸ ਦਰਜ ਕਰ ਲਿਆ ਹੈ। ਪੁਲਸ ਵੱਲੋਂ ਘਟਨਾ ਸਥਾਨ ਦੇ ਨਜ਼ਦੀਕੀ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਜਾਂਚ ਕਰਕੇ ਅਣਪਛਾਤੇ ਵਾਹਨ ਤੇ ਚਾਲਕ ਦੀ ਭਾਲ ਕੀਤੀ ਜਾ ਰਹੀ ਹੈ।

# ਪਾਸਬੁੱਕ ਤੋਂ ਨੰਬਰ ਦੇਖ ਕੇ ਕਾਲ ਕੀਤੀ ਅਤੇ ਨੌਸਰਬਾਜ਼ ਨੇ ਸਾਬਕਾ ਫੌਜੀ ਠੱਗ ਲਿਆ

ਫਿਲੌਰ, 9 ਮਾਰਚ (ਪੋਸਟ ਬਿਊਰੋ)- ਸਾਬਕਾ ਫੌਜੀ ਦੇ ਬੈਂਕ ਖਾਤੇ ਵਿੱਚੋਂ ਨੌਸਰਬਾਜ਼ਾਂ ਨੇ 8.50 ਲੱਖ ਰੁਪਏ ਦੀ ਠੱਗੀ ਕਰ ਲਈ ਹੈ। ਸੰਬੰਧਤ ਸਾਬਕਾ ਫੌਜੀ ਜਦੋਂ ਬੈਂਕ ਗਏ ਤਾਂ ਕਰਮਚਾਰੀਆਂ ਨੇ ਕਿਹਾ ਕਿ ਉਹ ਕੁਝ ਨਹੀਂ ਕਰ ਸਕਦੇ। ਇਸ ਦੇ ਬਾਅਦ ਸਾਬਕਾ ਫੌਜੀ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ ਹੈ।

ਨਾਇਬ ਸੂਬੇਦਾਰ ਰਿਟਾਇਰ ਹੋਏ ਬਲਬੀਰ ਸਿੰਘ ਵਾਸੀ ਨਵੀਂ ਆਬਾਦੀ ਪਿੰਡ ਪੰਜਢੇਰਾ ਨੇ ਦੱਸਿਆ ਕਿ ਪੀ ਐਨ ਬੀ ਦਾਣਾ ਮੰਡੀ ਵਿੱਚ ਉਸ ਦੇ ਅਕਾਊਂਟ ਵਿੱਚ 8.50 ਲੱਖ ਰੁਪਏ ਸਨ। ਤਿੰਨ ਮਾਰਚ ਨੂੰ ਉਹ ਏ ਟੀ ਐਮ ਵਿੱਚੋਂ ਪੈਸੇ ਕਢਵਾਉਣ ਗਏ ਤਾਂ ਕਾਰਡ ਚੱਲਿਆ ਨਹੀਂ। ਘਰ ਆਉਂਦੇ ਸਾਰ ਪਾਸ-ਬੁੱਕ ਉੱਤੇ ਛਪੇ ਬੈਂਕ ਦੇ ਟੋਲ ਫਰੀ ਨੰਬਰ ਉੱਤੇ ਫੋਨ ਕੀਤਾ ਤਾਂ ਕਿਸੇ ਨੇ ਚੁੱਕਿਆ ਨਹੀਂ। ਫੋਨ ਬੰਦ ਹੁੰਦੇ ਸਾਰ ਇੱਕ ਕਾਲ ਆਈ। ਬਾਅਦ ਵਿੱਚ ਪਤਾ ਲੱਗਾ ਕਿ ਪੈਸੇ ਕੱਟੇ ਜਾ ਚੁੱਕੇ ਹਨ। ਸਾਬਕਾ ਸੂਬੇਦਾਰ ਬਲਬੀਰ ਸਿੰਘ ਨੇ ਦੱਸਿਆ ਕਿ ਫੋਨ ਕਰਨ ਵਾਲੇ ਨੇ ਕਿਹਾ ਕਿ ਤੁਹਾਡੇ ਮੋਬਾਈਲਉੱਤੇ ਓ ਟੀ ਪੀ ਨੰਬਰ ਭੇਜ ਰਿਹਾ ਹਾਂ, ਉਹ ਦੱਸ ਦੇਣਾ ਤਾਂ ਕਾਰਡ ਚੱਲ ਪਏਗਾ। ਮੋਬਾਈਲ ਉੱਤੇ ਚਾਰ ਵਾਰ ਓ ਟੀ ਪੀ ਨੰਬਰ ਆਇਆ, ਜੋ ਉਸ ਵਿਅਕਤੀ ਨੂੰ ਦੱਸ ਦਿੱਤਾ। ਇਸ ਦੇ ਬਾਅਦ ਉਸ ਨੇ ਫੋਨ ਬੰਦ ਕਰ ਦਿੱਤਾ। ਅਗਲੇ ਦਿਨ ਚਾਰ ਮਾਰਚ ਨੂੰ ਸਵੇਰੇ 11 ਵਜੇ ਫਿਰ ਫੋਨ ਆਇਆ ਕਿ ਦੋਬਾਰਾ ਓ ਟੀ ਪੀ ਨੰਬਰ ਭੇਜਿਆ ਜਾ ਰਿਹਾ ਹੈ, ਉਹ ਉਨ੍ਹਾਂ ਨੂੰ ਦੱਸਣ। ਨੌਂ ਮਾਰਚ ਨੂੰ ਮਕਾਨ ਬਣਵਾਉਣ ਲਈ ਮਿਸਤਰੀ ਲਾਉਣ ਲਈ ਉਹ ਪੈਸੇ ਕਢਵਾਉਣ ਗਏ ਤਾਂ ਪਤਾ ਲੱਗਾ ਕਿ 8.50 ਲੱਖ ਰੁਪਏ ਤਿੰਨ ਅਤੇ ਚਾਰ ਮਾਰਚ ਨੂੰ ਕਢਵਾ ਲਏ ਗਏ ਹਨ। ਸਾਬਕਾ ਫੌਜੀ ਨੇ ਪੁਲਸ ਨੂੰ ਸ਼ਿਕਾਇਤ ਦੇ ਕੇ ਮੰਗ ਕੀਤੀ ਹੈ ਕਿ ਜਿਵੇਂ ਕੁਝ ਮਹੀਨੇ ਪਹਿਲਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਦੇ ਬੈਂਕ ਖਾਤੇ ਵਿੱਚੋਂ ਪੈਸੇ ਕਢਵਾਉਣ ਉੱਤੇ ਨੌਸਰਬਾਜ਼ ਨੂੰ ਪੁਲਸ ਨੇ ਲੱਭ ਲਿਆ ਸੀ, ਉਸੇ ਤਰ੍ਹਾਂ ਉਸ ਦੇ ਕੇਸ ਵਿੱਚ ਵੀ ਕਾਰਵਾਈ ਕੀਤੀ ਜਾਏ।

# ਖੇਡਦੀ ਬੱਚੀ ਨੂੰ ਆਵਾਰਾ ਕੁੱਤਿਆਂ ਨੇ ਨੋਚ-ਨੋਚ ਕੇ ਮਾਰ ਦਿੱਤਾ



ਸਮਾਣਾ, 9 ਮਾਰਚ (ਪੋਸਟ ਬਿਊਰੋ)- ਪਿੰਡ ਤਰਖਾਣ ਮਾਜਰਾ ਵਿੱਚ ਕੱਲ੍ਹ ਇੱਕ ਤਿੰਨ ਸਾਲ ਦੀ ਬੱਚੀ ਜਸਵੀਰ ਕੌਰ ਨੂੰ ਆਵਾਰਾ ਕੁੱਤਿਆਂ ਨੇ ਨੋਚ-ਨੋਚ ਕੇ ਖਾ ਲਿਆ, ਜਿਸ ਨਾਲ ਹਰ ਕੋਈ ਦੁਖੀ ਹੈ।

ਮਿਲੀ ਜਾਣਕਾਰੀ ਮੁਤਾਬਕ ਕੱਲ੍ਹ ਇੱਕ ਤਿੰਨ ਸਾਲਾ ਬੱਚੀ ਆਪਣੇ ਮਾਤਾ-ਪਿਤਾ ਨਾਲ ਖੇਤ ਗਈ ਸੀ। ਬੱਚੀ ਦੇ ਮਾਤਾ-ਪਿਤਾ ਖੇਤਾਂ ਵਿੱਚ ਕੰਮ ਕਰਨ ਲੱਗੇ ਤੇ ਬੱਚੀ ਖੇਤਾਂ ਦੇ ਨੇੜੇ ਖੇਡ ਰਹੀ ਸੀ। ਖੇਡਦੇ-ਖੇਡਦੇ ਉਹ ਬੱਚੀ ਨੇੜੇ ਬਣੀ ਹੱਡਾਰੋੜੀ ਦੇ ਲਾਗੇ ਪਹੁੰਚ ਗਈ, ਜਿੱਥੇ ਆਵਾਰਾ ਕੁੱਤਿਆਂ ਨੇ ਬੱਚੀ ਉੱਤੇ ਹਮਲਾ ਕਰ ਦਿੱਤਾ ਅਤੇ ਜਿੰਦਾ ਨੋਚ-ਨੋਚ ਕੇ ਖਾ ਗਏ। ਬੱਚੀ ਦੇ ਸਰੀਰ ਦੇ ਅੰਗ ਇਧਰ-ਉਧਰ ਖਿੱਲਰੇ ਪਏ ਸਨ। ਪਿੰਡ ਵਾਸੀਆਂ ਵਿੱਚ ਇਸ ਦਾ ਗੁੱਸਾ ਹੈ ਕਿ ਪ੍ਰਸ਼ਾਸਨ ਨੂੰ ਵਾਰ-ਵਾਰ ਆਵਾਰਾ ਕੁੱਤਿਆਂ ਉੱਤੇ ਨਕੇਲ ਕੱਸਣ ਦੀ ਮੰਗ ਕਰਨ ਉੱਤੇ ਵੀ ਕੋਈ ਧਿਆਨ ਨਹੀਂ ਦਿੱਤਾ ਗਿਆ।

# ਧਮਾਕਾਖੇਜ਼ ਸਮੱਗਰੀ ਵਾਲੀ ਕਾਰ ਦੇ ਕਾਰਨ ਕੇਂਦਰ ਅਤੇ ਮਹਾਰਾਸ਼ਟਰ ਸਰਕਾਰ 'ਚ ਨਵਾਂ ਟਕਰਾਅ





ਨਵੀਂ ਦਿੱਲੀ, 9 ਮਾਰਚ (ਪੋਸਟ ਬਿਊਰੋ)- ਭਾਰਤ ਦੇ ਪ੍ਰਮੁੱਖ ਉਦਯੋਗਪਤੀ ਮੁਕੇਸ਼ ਅੰਬਾਨੀ ਦੇ ਮੁੰਬਈ ਵਾਲੇ ਘਰ ਕੋਲ ਖੜ੍ਹੀ ਕਾਰ ਵਿੱਚੋਂ ਮਿਲੀ ਧਮਾਕਾਖੇਜ਼ ਸਮੱਗਰੀ ਦੇ ਕੇਸ ਦੀ ਜਾਂਚ ਕੇਂਦਰੀ ਗ੍ਰਹਿ ਮੰਤਰਾਲੇ ਦੇ ਹੁਕਮਾਂ ਪਿੱਛੋਂ ਕੌਮੀ ਜਾਂਚ ਏਜੰਸੀ (ਐਨ ਆਈ ਏ) ਨੇ ਕੱਲ੍ਹ ਆਪਣੇ ਹੱਥ ਲੈ ਲਈ ਹੈ। ਮਹਾਰਾਸ਼ਟਰ ਸਰਕਾਰ ਇਸ ਮਾਮਲੇ ਨੂੰ ਪਹਿਲਾਂ ਹੀ ਸੂਬਾਈ ਪੁਲਸ ਦੇ ਅੱਤਵਾਦ ਰੋਕੂ ਦਸਤੇ (ਏ ਟੀ ਐਸ) ਨੂੰ ਸੌਂਪ ਚੁੱਕੀ ਹੈ। ਕੇਂਦਰ ਸਰਕਾਰ ਦੇ ਇਸ ਫੈਸਲੇ ਕਾਰਨ ਮੁੱਖ ਮੰਤਰੀ ਊਧਵ ਠਾਕਰੇ ਨਾਰਾਜ਼ ਹਨ। ਉਨ੍ਹਾਂ ਵਿਰੋਧੀ ਪਾਰਟੀ ਭਾਜਪਾ ਅਤੇ ਕੇਂਦਰ ਸਰਕਾਰ ਨੂੰ ਇੱਟ ਦਾ ਜਵਾਬ ਪੱਥਰ ਨਾਲ ਦੇਣ ਲਈ ਦਾਦਰਾ ਤੇ ਨਾਗਰ ਹਵੇਲੀ ਤੋਂ ਸੱਤ ਵਾਰ ਦੇ ਲੋਕ ਸਭਾ ਮੈਂਬਰ ਮੋਹਨ ਡੇਲਕਰ ਦੀ ਆਤਮ ਹੱਤਿਆ ਦੀ ਜਾਂਚ ਕਰਾਉਣ ਦਾ ਐਲਾਨ ਕੀਤਾ ਹੈ। ਡੇਲਕਰ 22 ਫਰਵਰੀ ਨੂੰ ਦੱਖਣੀ ਮੁੰਬਈ ਵਿੱਚ ਮੈਰੀਨ ਡਰਾਈਵ ਦੇ ਇੱਕ ਹੋਟਲ ਵਿੱਚ ਮ੍ਰਿਤਕ ਮਿਲੇ ਸਨ। ਇਸ ਮੁੱਦੇ ਤੋਂ ਦੋਹਾਂ ਧਿਰਾਂ ਦੇ ਨਵੇਂ ਟਕਰਾਅ ਦੀ ਹਾਲਤ ਬਣ ਗਈ ਹੈ।

ਵਰਨਣ ਯੋਗ ਹੈ ਕਿ ਡੇਲਕਰ ਕਬਾਈਲੀ ਲੋਕਾਂ ਦੇ ਅਧਿਕਾਰਾਂ ਲਈ ਲੜਦੇ ਸਨ। ਉਨ੍ਹਾਂ ਦੀ ਮ੍ਰਿਤਕ ਦੇਹ ਕੋਲੋਂ ਇੱਕ ਸੁਸਾਈਡ ਨੋਟ ਮਿਲਿਆ ਸੀ, ਜਿਸ ਵਿੱਚ ਕਝ ਸਿਆਸਤਦਾਨਾਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਉੱਤੇ ਬੇਇਨਸਾਫੀ ਦਾ ਦੋਸ਼ ਲਾਇਆ ਗਿਆ ਅਤੇ ਗੁਜਰਾਤ ਦੇ ਇੱਕ ਭਾਜਪਾ ਨੇਤਾ ਪ੍ਰਫੁਲ ਖੋਡਾ ਪਟੇਲ ਦਾ ਨਾਂ ਲਿਖਿਆ ਸੀ। ਮਹਾਰਾਸ਼ਟਰ ਦੇ ਗ੍ਰਹਿ ਮੰਤਰੀ ਅਨਿਲ ਦੇਸ਼ਮੁੱਖ ਕਹਿ ਚੁੱਕੇ ਹਨ ਕਿ ਉਹ ਡੇਲਕਰ ਦੀ ਆਤਮ ਹੱਤਿਆ ਵਿੱਚ ਭਾਜਪਾ ਦੀ ਭੂਮਿਕਾ ਦੀ ਜਾਂਚ ਕਰਵਾਉਣਗੇ।ਮੁੱਖ ਮੰਤਰੀ ਊਧਵ ਠਾਕਰੇ ਨੇ ਕਿਹਾ ਕਿ ਵਿਰੋਧੀ ਧਿਰ ਨੂੰ ਸੂਬੇ ਦੇ ਤੰਤਰ ਵਿੱਚ ਕੋਈ ਭਰੋਸਾ ਨਹੀਂ, ਉਹ ਵਿਖਾਉਣਾ ਚਾਹੁੰਦੀ ਹੈ ਕਿ ਇੱਥੇ ਕੋਈ ਸਿਸਟਮ ਕੰਮ ਨਹੀਂ ਕਰ ਰਿਹਾ। ਜੇ ਅਜਿਹੀ ਗੱਲ ਹੈ ਤਾਂ ਉਹ ਕਿਉਂ ਇਹ ਮੰਗ ਕਰਦੀ ਹੈ ਕਿ ਸੂਬਾ ਸਰਕਾਰ ਪੈਟਰੋਲੀਅਮ ਵਸਤਾਂਦਾ ਟੈਕਸ ਘਟਾਏ। ਸੂਬਾ ਸਰਕਾਰ ਲੋਕ ਸਭਾ ਦੇ ਮੈਂਬਰ ਮੋਹਨ ਡੇਲਕਰ ਦੀ ਆਤਮ ਹੱਤਿਆ ਦੀ ਜਾਂਚ ਕਰਵਾਏਗੀ ਤੇ ਗੁਨਾਹਗਾਰਾਂ ਨੂੰ ਸਜ਼ਾ ਦਿੱਤੀ ਜਾਵੇਗੀ। ਦਾਦਰਾ ਤੇ ਨਾਗਰ ਹਵੇਲੀ ਦਾ ਪ੍ਰਬੰਧ ਕੇਂਦਰ ਸਰਕਾਰ ਕੋਲ ਹੈ, ਅਸੀਂ ਇਸ ਮਾਮਲੇ ਨੂੰ ਦਲੀਲ ਭਰਪੂਰ ਸਿੱਟੇ ਤੱਕ ਪਹੁੰਚਾਵਾਂਗੇ। ਸੱਤ ਵਾਰ ਦੇ ਐਮ ਪੀ ਨੇ ਆਪਣੀ ਜਾਨ ਦਿੱਤੀ ਹੈ, ਮੈਨੂੰ ਹੈਰਾਨੀ ਹੈ ਕਿ ਵਿਰੋਧੀ ਧਿਰ ਇਸ ਉੱਤੇ ਚੁੱਪ ਕਿਉਂ ਹੈ?

ਪੱਛਮੀ ਬੰਗਾਲ ਚੋਣਾਂ :

# ਭਾਜਪਾ ਦੇ ਦਮਦਾਰ ਪ੍ਰਦਰਸ਼ਨ ਦੇ ਬਾਵਜੂਦ ਬੰਗਾਲ ਵਿੱਚ ਤ੍ਰਿਣਮੂਲ ਨੂੰ ਲੀਡ ਮਿਲਣ ਦੇ ਸੰਕੇਤ

*** ਟਾਈਮਸ ਨਾਓ-ਸੀ ਵੋਟਰ ਦੇ ਓਪੀਨੀਅਨ ਪੋਲ ਦੀ ਰਿਪੋਰਟ**



ਨਵੀਂ ਦਿੱਲੀ, 9 ਮਾਰਚ (ਪੋਸਟ ਬਿਊਰੋ)- ਪੱਛਮੀ ਬੰਗਾਲ ਅਤੇ ਤਮਿਲਨਾਡੂ ਸਮੇਤ ਪੰਜ ਰਾਜਾਂ ਵਿੱਚ ਹੋਣ ਵਾਲੀਆਂ ਚੋਣਾਂ ਬਾਰੇ ਟਾਈਮਸ ਨਾਓ ਅਤੇ ਸੀ ਵੋਟਰ ਨੇ ਮਿਲ ਕੇ ਇੱਕ ਓਪੀਨੀਅਨ ਪੋਲ ਜਾਰੀ ਕੀਤਾ ਹੈ। ਇਸ ਅਨੁਸਾਰ ਪੱਛਮੀ ਬੰਗਾਲ ਵਿੱਚ ਤ੍ਰਿਣਮੂਲ ਕਾਂਗਰਸ, ਤਾਮਿਲਨਾਡੂ ਵਿੱਚ ਯੂ ਪੀ ਏ ਗੱਠਜੋੜ, ਅਸਾਮ ਅਤੇ ਪੁੱਡੂਚੇਰੀ ਵਿੱਚ ਐਨ ਡੀ ਏ ਗੱਠਜੋੜ, ਜਦ ਕਿ ਕੇਰਲ ਵਿੱਚਖੱਬੇ ਫਰੰਟ ਦੀ ਸਰਕਾਰ ਬਣਨ ਦਾ ਅਨੁਮਾਨ ਹੈ।

ਓਪੀਨੀਅਨ ਪੋਲ ਮੁਤਾਬਕ ਪੱਛਮੀ ਬੰਗਾਲ ਵਿੱਚ ਭਾਜਪਾ ਦੇ ਦਮਦਾਰ ਪ੍ਰਦਰਸ਼ਨ ਦੇ ਬਾਵਜੂਦ ਮਮਤਾ ਬੈਨਰਜੀ ਦੀ ਅਗਵਾਈ ਵਿੱਚਤ੍ਰਿਣਮੂਲ ਕਾਂਗਰਸ ਵਾਪਸੀ ਕਰ ਰਹੀ ਹੈ। ਇਸ ਪਾਰਟੀ ਨੂੰ ਇਸ ਰਾਜ ਦੀਆਂ 294 ਸੀਟਾਂ ਵਿੱਚੋਂ 154 ਸੀਟਾਂ ਮਿਲਣ ਦਾ ਅਨੁਮਾਨ ਹੈ। ਤਮਿਲਨਾਡੂ ਵਿੱਚ ਵੀ ਭਾਜਪਾ ਦੀਆਂ ਉਮੀਦਾਂ ਨੂੰ ਝਟਕਾ ਲੱਗਾ ਹੈ। ਇੱਥੇ ਯੂ ਪੀ ਏ ਗੱਠਜੋੜ ਦੀ ਸਰਕਾਰ ਬਣਦੀ ਜਾਪਦੀ ਹੈ। ਦੂਜੇ ਪਾਸੇ ਪੁੱਡੂਚੇਰੀ ਵਿੱਚ ਐਨ ਡੀ ਏ ਗੱਠਜੋੜ ਦੀ ਸਰਕਾਰ ਬਣਨ ਦਾ ਅਨੁਮਾਨ ਪ੍ਰਗਟਾਇਆ ਗਿਆ। ਕੇਰਲ ਵਿੱਚ ਮੁੱਖ ਮੰਤਰੀ ਵਿਜਯਨ ਦੀ ਅਗਵਾਈ ਵਿੱਚ ਐਲ ਡੀ ਐਫ ਗੱਠਜੋੜ ਫਿਰ ਤੋਂ ਵਾਪਸੀ ਕਰ ਸਕਦਾ ਹੈ। ਅਸਾਮ ਵਿੱਚ ਐਨ ਡੀ ਏ ਗੱਠਜੋੜ ਇੱਕ ਵਾਰ ਫਿਰ ਸੱਤਾ ਵਿੱਚ ਵਾਪਸੀ ਕਰਦਾਜਾਪਦਾ ਹੈ। ਓਥੇ ਭਾਜਪਾ ਨੂੰ ਰਾਜ ਦੀਆਂ 126 ਵਿੱਚੋਂ 67 ਸੀਟਾਂ ਮਿਲਣ ਦਾ ਅਨੁਮਾਨ ਹੈ।

# ਦਿੱਲੀ ਦੇ ਬਹੁ-ਚਰਚਿਤ ਬਾਟਲਾ ਹਾਊਸ ਮੁਕਾਬਲਾ ਕੇਸ 'ਚ ਆਰਿਜ਼ ਖ਼ਾਨ ਦੋਸ਼ੀ ਕਰਾਰ



ਨਵੀਂ ਦਿੱਲੀ, 9 ਮਾਰਚ (ਪੋਸਟ ਬਿਊਰੋ)- ਕਰੀਬ 13 ਸਾਲ ਪੁਰਾਣੇ ਬਾਟਲਾ ਹਾਊਸ ਐਨਕਾਊਂਟਰ ਕੇਸ ਵਿੱਚ ਦਿੱਲੀ ਦੀ ਸਾਕੇਤ ਅਦਾਲਤ ਨੇ ਇੰਡੀਅਨ ਮੁਜਾਹਿਦੀਨ ਦੇ ਅੱਤਵਾਦੀ ਆਰਿਜ਼ ਖ਼ਾਨ ਨੂੰ ਦੋਸ਼ੀ ਕਰਾਰ ਦਿੱਤਾ ਹੈ। ਉਸ ਨੂੰ 15 ਮਾਰਚ ਨੂੰ ਇਸ ਜੁਰਮ ਦੇ ਲਈ ਸਜ਼ਾ ਦਾ ਐਲਾਨ ਕੀਤਾ ਜਾਵੇਗਾ। ਆਰਿਜ਼ ਖ਼ਾਨ ਉੱਤੇ ਦਿੱਲੀ ਤੋਂ ਇਲਾਵਾ ਦੇਸ਼ ਦੀਆਂ ਹੋਰ ਥਾਵਾਂ ਉੱਤੇਵੀ ਬੰਬ ਧਮਾਕੇ ਕਰਨ ਦੇ ਦੋਸ਼ ਹੇਠ ਕੇਸ ਦਰਜ ਹਨ।

ਵਰਨਣ ਯੋਗ ਹੈ ਕਿ 2018 ਵਿੱਚ ਦੋਸ਼ੀ ਆਰਿਜ ਦੀ ਗ੍ਰਿਫ਼ਤਾਰੀ ਹੋਈ ਸੀ। ਦਿੱਲੀ ਪੁਲਸ ਦੇ ਸਪੈਸ਼ਲ ਸੈਲ ਨੇ ਆਰਿਜ ਨੂੰ ਬਾਟਲਾ ਹਾਊਸ ਐਨਕਾਊਂਟਰ ਦੇ ਇੱਕ ਦਹਾਕੇ ਬਾਅਦ ਗ੍ਰਿਫ਼ਤਾਰ ਕੀਤਾ ਸੀ। ਪੁਲਸ ਮੁਤਾਬਕ ਦਿੱਲੀ ਵਿੱਚ 13 ਸਤੰਬਰ 2008 ਵਿੱਚ ਪੰਜ ਥਾਵਾਂ ਉੱਤੇਹੋਏ ਬੰਬ ਧਮਾਕਿਆਂ ਵਿੱਚ 30 ਲੋਕਾਂ ਦੀ ਜਾਨ ਗਈ ਤੇ ਕਈ ਲੋਕ ਜ਼ਖ਼ਮੀ ਹੋਏ ਸਨ। ਇਸ ਦੇ ਬਾਅਦ ਐਨਕਾਊਂਟਰ ਵਿੱਚ ਦਿੱਲੀ ਪੁਲਸ ਦੀ ਸਪੈਸ਼ਲ ਸੈਲ ਦੇ ਇੰਸਪੈਕਟਰ ਮੋਹਨ ਚੰਦ ਸ਼ਰਮਾ ਅੱਤਵਾਦੀਆਂ ਦੀਆਂ ਗੋਲੀਆਂ ਦਾ ਨਿਸ਼ਾਨਾ ਬਣੇ ਅਤੇ ਮਾਰੇ ਗਏ। ਇਸ ਕੇਸ ਦੀ ਜਾਂਚ ਦੌਰਾਨ ਪੁਲਸ ਦੇ ਸਪੈਸ਼ਲ ਸੈਲ ਨੂੰ ਸੂਚਨਾ ਮਿਲੀ ਕਿ ਜਾਮੀਆ ਦੇ ਬਾਟਲਾ ਇਲਾਕੇ ਵਿੱਚ ਕੁਝ ਅੱਤਵਾਦੀ ਲੁਕੇ ਹੋਏ ਹਨ। ਪੁਲਸ ਓਥੇ ਪੁੱਜੀ ਤਾਂ ਬਾਟਲਾ ਹਾਊਸ ਦੇ ਉਸ ਫਲੈਟ ਵਿੱਚ ਆਰਿਜ ਖ਼ਾਨ ਨਾਲ ਚਾਰ ਲੋਕ ਸਨ। ਇਸ ਦੌਰਾਨ ਪੁਲਸ ਤੇ ਅੱਤਵਾਦੀਆਂ ਦਾ ਮੁਕਾਬਲਾ ਹੋਇਆ ਅਤੇ ਦੋ ਅਤਿਵਾਦੀ ਮਾਰੇ ਗਏ, ਤਿੰਨ ਦੌੜਨ ਵਿੱਚ ਸਫ਼ਲ ਰਹੇ। ਇਨ੍ਹਾਂ ਵਿੱਚੋਂ ਇੱਕ ਆਰਿਜ ਖ਼ਾਨਸੀ। ਅਦਾਲਤ ਵਿੱਚ ਇਹ ਸਿੱਧ ਹੋ ਗਿਆ ਹੈ ਕਿ 19 ਸਤੰਬਰ 2008 ਨੂੰ ਆਰਿਜ ਖ਼ਾਨ ਬਾਟਲਾ ਹਾਊਸ ਵਿੱਚ ਮੌਜੂਦ ਸੀ ਅਤੇ ਇੰਸਪੈਕਟਰ ਮੋਹਨ ਸ਼ਰਮਾ ਅਤੇ ਹੋਰ ਪੁਲਸ ਵਾਲਿਆਂ ਦੇ ਕਤਲ ਵਿੱਚ ਦੋਸ਼ੀ ਕਰਾਰ ਦਿੱਤਾ ਗਿਆ। ਪੁਲਸ ਨੇ ਦੋ ਹੋਰ ਦੋਸ਼ੀ ਮੁਹੰਮਦ ਸੈਫ਼ ਅਤੇ ਜੀਸ਼ਾਨ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਸ ਮਾਮਲੇ ਵਿੱਚ ਸਾਲ 2013 ਵਿੱਚ ਅਦਾਲਤ ਨੇ ਇੰਡੀਅਨ ਮੁਜ਼ਾਹਿਦੀਨ ਦੇ ਅੱਤਵਾਦੀ ਸ਼ਹਿਜਾਦ ਅਹਿਮਦ ਨੂੰ ਦੋਸ਼ੀ ਠਹਿਰਾਉਂਦੇ ਹੋਏ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਸ਼ਹਿਜਾਦ ਦੀ ਸਜ਼ਾ ਵਿਰੁੱਧ ਅਪੀਲ ਹਾਈ ਕੋਰਟ ਵਿੱਚ ਪੈਂਡਿੰਗ ਹੈ।

# ਤਾਪਸੀ ਪੰਨੂ ਬੋਲੀ: ਪੰਜ ਕਰੋੜ ਦੀ ਕੋਈ ਰਸੀਦ ਹੀ ਨਹੀਂ ਮਿਲੀ



ਮੁੰਬਈ, 9 ਮਾਰਚ (ਪੋਸਟ ਬਿਊਰੋ)- ਤਾਪਸੀ ਪੰਨੂ ਪਿਛਲੇ ਹਫ਼ਤੇ ਆਮਦਨ ਟੈਕਸ ਵਿਭਾਗ ਦੀ ਛਾਪੇ ਪਿੱਛੋਂ ਚਰਚਾ ਵਿੱਚ ਆ ਗਈ ਸੀ। ਕੱਲ੍ਹ ਤਾਪਸੀ ਪੰਨੂ ਨੇ ਇੱਕ ਵਾਰ ਫਿਰ ਸਫਾਈ ਦਿੰਦੇ ਹੋਏ ਕਿਹਾ ਕਿ ਨਾ ਉਨ੍ਹਾਂ ਕੋਲੋਂ ਪੰਜ ਕਰੋੜ ਰੁਪਏ ਦੀ ਕੋਈ ਰਸੀਦ ਮਿਲੀ ਹੈ ਅਤੇ ਨਾ ਉਨ੍ਹਾਂ ਦਾ ਪੈਰਿਸ ਵਿੱਚ ਬੰਗਲਾ ਹੈ। ਤਾਪਸੀ ਨੇ ਕਿਹਾ ਕਿ ਜੇ ਉਸ ਨੇ ਕੋਈ ਗਲਤੀ ਕੀਤੀ ਹੈ ਤਾਂ ਉਹ ਉਸਦੀ ਸਜ਼ਾ ਭੁਗਤਣ ਨੂੰ ਤਿਆਰ ਹੈ। ਉਸ ਨੇ ਕਿਹਾ, ''ਮੈਂ ਤੇ ਮੇਰੀ ਫੈਮਿਲੀ ਨੇ ਛਾਪੇ ਦੌਰਾਨ ਅਧਿਕਾਰੀਆਂ ਨਾਲ ਪੂਰਾ ਸਹਿਯੋਗ ਕੀਤਾ। ਜਾਂਚ ਅਧਿਕਾਰੀ ਚੰਗੇ ਤਰੀਕੇ ਨਾਲ ਪੇਸ਼ ਆਏ ਅਤੇ ਉਨ੍ਹਾਂ ਨੇ ਨਿਯਮਾਂ ਮੁਤਾਬਕ ਪੂਰੀ ਕਾਰਵਾਈ ਕੀਤੀ। ਮੈਂ ਅਤੇ ਮੇਰੇ ਪਰਵਾਰ ਨੇ ਆਮਦਨ ਟੈਕਸ ਵਿਭਾਗ ਦੇ ਅਧਿਕਾਰੀਆਂ ਦੇ ਸਾਰੇ ਸਵਾਲਾਂ ਦੇ ਜਵਾਬ ਦੇ ਦਿੱਤੇ ਹਨ। ਮੈਂ ਕੁਝ ਲੁਕੋ ਨਹੀਂ ਸਕਦੀ, ਇਸ ਲਈ ਜੇ ਕੁਝ ਗਲਤ ਕੀਤਾ ਹੋਵੇਗਾ ਤਾਂ ਸਾਹਮਣੇ ਆ ਜਾਵੇਗਾ।'' ਉਸ ਨੇ ਕਿਹਾ, ''ਆਮਦਨ ਟੈਕਸ ਵਿਭਾਗ ਨੇ ਅਜੇ ਤੱਕ ਕੁਝ ਨਹੀਂ ਕਿਹਾ, ਜੋ ਕੁਝ ਮੀਡੀਆ ਰਿਪੋਰਟਾਂ ਵਿੱਚ ਦੱਸਿਆ ਗਿਆ ਹੈ ਕਿ ਮੇਰੇ ਘਰ ਤੋਂ ਪੰਜ ਕਰੋੜ ਰੁਪਏ ਦੀ ਰਸੀਦ ਤੇ ਪੈਰਿਸ ਵਿੱਚ ਬੰਗਲੇ ਦੀ ਜਾਣਕਾਰੀ ਮਿਲੀ ਹੈ।'' ਉਨ੍ਹਾਂ ਨੇ ਮਜ਼ਾਕੀਆ ਅੰਦਾਜ਼ ਵਿੱਚ ਕਿਹਾ ਕਿ ਮੈਨੂੰ ਸੁਣ ਕੇ ਖੁਦ ਹੈਰਾਨੀ ਹੋਈ ਕਿ ਮੈਨੂੰ ਕਿਸੇ ਨੇ ਪੰਜ ਕਰੋੜ ਰੁਪਏ ਦਿੱਤੇ ਹਨ। ਮੇਰਾ ਪਰਵਾਰ ਵੀ ਕਹਿੰਦਾ ਸੀ ਕਿ ਤੇਰੇ ਕੋਲ ਇੰਨੇ ਪੈਸੇ ਹਨ ਅਤੇ ਸਾਨੂੰ ਪਤਾ ਹੀ ਨਹੀਂ ਸੀ।''ਤਾਪਸੀ ਕੋਲੋਂ ਪੁੱਛਿਆ ਗਿਆ ਕਿ ਆਖਿਰ ਉਸ ਦੇ ਟਿਕਾਣੇ ਉੱਤੇ ਛਾਪੇ ਕਿਉਂ ਮਾਰੇ ਗਏ ਤਾਂ ਜਵਾਬ ਵਿੱਚ ਉਸ ਨੇ ਕਿਹਾ ਕਿ ਮੈਨੂੰ ਖੁਦ ਨਹੀਂ ਪਤਾ ਕਿ ਛਾਪੇ ਕਿਉਂ ਪਏ? ਜਦੋਂ ਇੱਕ ਵਾਰ ਛਾਪੇ ਪੈ ਗਏ ਤਾਂ ਅਧਿਕਾਰੀਆਂ ਦੀ ਗੱਲ ਦਾ ਜਵਾਬ ਦੇਣ ਤੋਂ ਇਲਾਵਾ ਕੋਈ ਚਾਰਾ ਨਹੀਂ ਸੀ।''

# ਅਰਵਿੰਦ ਕੇਜਰੀਵਾਲ ਵੱਲੋਂ ਬੇਬੇ ਮਹਿੰਦਰ ਕੌਰ ਦਾ ਸਨਮਾਨ



ਨਵੀਂ ਦਿੱਲੀ, 9 ਮਾਰਚ (ਪੋਸਟ ਬਿਊਰੋ)- ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕੱਲ੍ਹ ਮੁਸ਼ਕਲ ਹਾਲਾਤ ਵਿੱਚ ਦਲੇਰਾਨਾ ਤੇ ਸ਼ਾਨਦਾਰ ਕੰਮ ਕਰਨ ਵਾਲਿਆਂ ਨੂੰ ਸਨਮਾਨਿਆ।

ਮੁੱਖ ਮੰਤਰੀ ਕੇਜਰੀਵਾਲ ਨੇ ਇੰਡੀਆ ਹੈਬੀਟੈਟ ਸੈਂਟਰ ਵਿੱਚ ਦਿੱਲੀ ਮਹਿਲਾ ਕਮਿਸ਼ਨ ਦੀ ਤਰਫੋਂ ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਕਰਵਾਏ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਮ ਲੋਕ ਅਕਸਰ ਵਿਸ਼ੇਸ਼ ਕੰਮ ਕਰਦੇ ਹਨ, ਪਰ ਉਨ੍ਹਾਂ ਦਾ ਕੰਮ ਕਿਸੇ ਨੂੰ ਨਜ਼ਰ ਨਹੀਂ ਆਉਂਦਾ। ਉਨ੍ਹਾਂ ਕਿਹਾ ਕਿ ਹਰ ਵਿਅਕਤੀ ਦੀ ਆਪਣੀ ਸ਼ਾਨਦਾਰ ਕਹਾਣੀ ਹੁੰਦੀ ਹੈ। ਆਮ ਲੋਕਾਂ ਨੇ ਆਪਣੀ ਜ਼ਿੰਦਗੀ ਵਿੱਚ ਬਹੁਤ ਸਾਰੀਆਂ ਵਿਸ਼ੇਸ਼ ਗੱਲਾਂ ਕੀਤੀਆਂ ਹੁੰਦੀਆਂ ਹਨ। ਕੇਜਰੀਵਾਲ ਨੇ ਮਾਤਾ ਮਹਿੰਦਰ ਕੌਰ ਦੇ ਹੌਸਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਭਿਨੇਤਰੀ ਕੰਗਨਾ ਰਣੌਤ ਨੇ ਸੁਰਖੀਆਂ ਵਿੱਚ ਬਣੇ ਰਹਿਣ ਲਈ ਦਾਦੀ ਉੱਤੇ ਟਵੀਟ ਕੀਤਾ, ਪਰ ਦਾਦੀ ਅਜੇ ਵੀ ਖੇਤਾਂ ਵਿੱਚ ਕੰਮ ਕਰਦੀ ਹੈ ਅਤੇ ਜਦੋਂ ਕਿਸਾਨਾਂ ਦੇ ਹੱਕਾਂ ਦੀ ਗੱਲ ਹੁੰਦੀ ਹੈ ਤਾਂ ਉਹ ਸਭ ਤੋਂ ਪਹਿਲਾਂ ਮੈਦਾਨ ਵਿੱਚ ਆਉਂਦੀ ਤੇ ਸੰਘਰਸ਼ ਵਿੱਚ ਹਿੱਸਾ ਲੈਂਦੀ ਹੈ। ਉਨ੍ਹਾਂ ਕਿਹਾ ਕਿ ਜਦੋਂ 80 ਸਾਲਾ ਬੇਬੇ ਮਹਿੰਦਰ ਕੌਰ ਪਿੰਡ ਵਿੱਚੋਂ ਕਿਸਾਨੀ ਝੰਡਾ ਲੈ ਕੇ ਬਾਹਰ ਆਉਂਦੀ ਹੈ ਤਾਂ ਵੱਡੀ ਉਮਰ ਦੇ ਬਾਵਜੂਦ ਦਾਦੀ ਦਾ ਜੋਸ਼ ਤੇ ਜਨੂੰਨ ਹਰ ਕਿਸੇ ਨੂੰ ਪਿੱਛੇ ਛੱਡ ਸਕਦਾ ਹੈ।

ਇਸ ਮੌਕੇ ਕੇਜਰੀਵਾਲ ਨੇ ਸ਼ਹੀਦ ਗੁਰਤੇਜ ਸਿੰਘ ਦੇ ਵਾਰਸਾਂ ਦਾ ਵਿਸ਼ੇਸ਼ ਸਨਮਾਨ ਕੀਤਾ ਕਿਹਾ ਕਿ ਭਾਰਤ ਚੀਨ ਸਰਹੱਦ ਉੱਤੇ ਚੀਨੀ ਫੌਜੀਆਂ ਨਾਲ ਹੋਈ ਝੜਪ ਦੌਰਾਨ ਮਾਨਸਾ ਜ਼ਿਲ੍ਹੇ ਦੇ ਪਿੰਡ ਬੀਰੇਵਾਲਾ ਡੋਗਰਾ ਦਾ 23 ਸਾਲਾ ਸ਼ਹੀਦ ਸਿਪਾਹੀ ਗੁਰਤੇਜ ਸਿੰਘ ਬਹਾਦਰੀ ਦੀ ਮਿਸਾਲ ਹੈ, ਜਿਸ ਨੂੰ ਦੇਸ਼ ਸਦੀਆਂ ਤੱਕ ਯਾਦ ਰੱਖੇਗਾ। ਇਸੇ ਤਰ੍ਹਾਂ ਕੇਜਰੀਵਾਲ ਨੇ ਗੋਕੁਲਪੁਰੀ ਦੇ ਮਹਿੰਦਰ ਸਿੰਘ ਦਾ ਵੀ ਸਨਮਾਨ ਕੀਤਾ।ਮਹਿੰਦਰ ਸਿੰਘ ਨੇ ਪਿਛਲੇ ਸਾਲ ਹੋਏ ਦੰਗਿਆਂ ਵਿੱਚ ਚਾਲੀ ਤੋਂ ਵੱਧ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢ ਕੇ ਉਨ੍ਹਾਂ ਦੀ ਜਾਨ ਬਚਾਈ ਸੀ।

ਤ੍ਰਿਣਮੂਲ ਵਿੱਚ ਉਥਲ-ਪੁਥਲ :

# ਟਿਕਟ ਕੱਟਣ ਕਾਰਨ ਪੰਜ ਵਿਧਾਇਕ ਭਾਜਪਾ ਵਿੱਚ ਸ਼ਾਮਲ

ਕੋਲਕਾਤਾ, 9 ਮਾਰਚ (ਪੋਸਟ ਬਿਊਰੋ)- ਪੱਛਮੀ ਬੰਗਾਲ ਵਿੱਚ ਅਸੈਂਬਲੀ ਚੋਣਾਂ ਹੋਣ ਤੋਂ ਪਹਿਲਾਂ ਸੱਤਾਧਾਰੀ ਤ੍ਰਿਣਮੂਲ ਕਾਂਗਰਸ ਵਿੱਚ ਉਥਲ-ਪੁਥਲ ਤੇਜ਼ ਹੋ ਗਈ ਹੈ। ਕੱਲ੍ਹ ਸੂਬੇ ਵਿੱਚ ਤ੍ਰਿਣਮੂਲ ਕਾਂਗਰਸ ਦੇ ਪੰਜ ਵਿਧਾਇਕਾਂ ਨੇ ਭਾਜਪਾ ਦਾ 'ਕਮਲ' ਫੜ ਲਿਆ। ਉਕਤ ਵਿਧਾਇਕ ਸੋਨਾਲੀ ਗੋਹਾ, ਦੀਪੇਂਦਰੂ ਬਿਸਵਾਸ, ਰਬਿੰ-ਦਰਨਾ-ਭੱਟਾਚਾਰੀਆ, ਜਾਤੂ ਲਾਹਿੜੀ ਅਤੇ ਸਿਤਲ ਕੁਮਾਰ ਸਰਦਾਰ ਟਿਕਟ ਕੱਟੇ ਜਾਣ ਕਾਰਨ ਨਾਰਾਜ਼ ਸਨ। ਇਸ ਤੋਂ ਇਲਾਵਾ ਟਿਕਟ ਦੇ ਕੇ ਫਿਰ ਵਾਪਸ ਲਏ ਜਾਣ ਕਾਰਨ ਦੁਖੀ ਸਰਲਾ ਮੁਰਮੂ ਵੀ ਕੁਝ ਘੰਟਿਆਂ ਪਿੱਛੋਂ ਭਾਜਪਾ ਵਿੱਚ ਸ਼ਾਮਲ ਹੋ ਗਈ ਹੈ। ਮਾਲਦਾ ਜ਼ਿਲ੍ਹੇ ਦੇ ਹਬੀਬਪੁਰ ਵਿਧਾਨ ਸਭਾ ਹਲਕੇ ਤੋਂ ਤ੍ਰਿਣਮੂਲ ਕਾਂਗਰਸ ਨੇ ਸਰਲਾ ਨੂੰ ਬਦਲ ਕੇ ਪ੍ਰਦੀਪ ਬਾਸਕੇ ਨੂੰ ਉਮੀਦਵਾਰ ਬਣਾਇਆ ਸੀ। ਮਮਤਾ ਬੈਨਰਜੀ ਦੀ ਪਾਰਟੀ ਨੇ ਬੰਗਾਲ ਵਿਧਾਨ ਸਭਾ ਦੀਆਂ ਚੋਣਾਂ ਲਈ ਪਾਰਟੀ ਦੇ 291 ਉਮੀਦਵਾਰਾਂ ਦੀ ਸੂਚੀ ਜਾਰੀ ਕਰ ਦਿੱਤੀ ਹੈ।

# ਫਰਾਂਸ ਦੇ ਅਰਬਪਤੀ ਪਾਰਲੀਮੈਂਟ ਮੈਂਬਰ ਦੀ ਹੈਲੀਕਾਪਟਰ ਦੁਰਘਟਨਾ ਵਿੱਚ ਮੌਤ



ਪੈਰਿਸ, 9 ਮਾਰਚ (ਪੋਸਟ ਬਿਊਰੋ)- ਫ਼ਰਾਂਸ ਦੇ ਅਰਬਪਤੀ ਕਾਰੋਬਾਰੀ ਉਲੀਵੀਅਰ ਦਾਸਾਲਟ ਦੀ ਇੱਕ ਹੈਲੀਕਾਪਟਰ ਹਾਦਸੇ ਵਿੱਚ ਮੌਤ ਹੋ ਗਈ ਹੈ। ਉਨ੍ਹਾਂ ਦੀ ਮੌਤ ਉੱਤੇਫ਼ਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਨੇ ਸੋਗ ਪ੍ਰਗਟਾਇਆ ਹੈ। ਦਾਸਾਲਟ ਦੀ ਕੰਪਨੀ ਰਾਫ਼ੇਲ ਲੜਾਕੂ ਜੈਟ ਬਣਾਉਂਦੀ ਹੈ।

ਵਰਨਣ ਯੋਗ ਹੈ ਕਿ ਦਾਸਾਲਟ ਫ਼ਰਾਂਸ ਦੀ ਪਾਰਲੀਮੈਂਟ ਦੇ ਮੈਂਬਰ ਵੀ ਸਨ। ਫ਼੍ਰਾਂਸੀਸ ਦੇ ਉਦਯੋਗਪਤੀ ਸਰਜ ਦਾਸਾਲਟ ਦੇ ਮੋਢੀ ਮਾਰਕੇਲ ਦਾਸਾਲਟ ਦੇ ਪੋਤੇ ਉਲੀਵੀਅਰ ਦਾਸਾਲਟ ਦੀ ਉਮਰ 69 ਸਾਲ ਸੀ। ਖ਼ਬਰਾਂ ਮੁਤਾਬਕ ਕੱਲ੍ਹ ਦਾਸਾਲਟ ਛੁੱਟੀਆਂ ਮਨਾਉਣ ਗਏ ਸਨ ਤਾਂ ਉਨ੍ਹਾਂ ਦਾ ਨਿੱਜੀ ਹੈਲੀਕਾਪਟਰ ਹਾਦਸਾਗ੍ਰਸਤ ਹੋ ਗਿਆ। ਇਸ ਬਾਰੇ ਖ਼ਬਰ ਹੈ ਕਿ ਉਲੀਵੀਅਰ ਦਾਸਾਲਟ ਤੋਂ ਇਲਾਵਾ ਇਸ ਹਾਦਸੇ ਵਿੱਚ ਪਾਇਲਟ ਦੀ ਵੀ ਮੌਤ ਹੋ ਗਈ ਹੈ।ਉਲੀਵੀਅਰ ਦਾਸਾਲਟ (69) ਇੱਕ ਸ਼ਕਤੀਸ਼ਾਲੀ ਪ੍ਰਵਾਰਕ ਵਪਾਰੀ ਸਮਾਰਜ ਦੇ ਵਾਰਸ ਸਨ, ਜਿਨ੍ਹਾਂ ਦੀ ਕੰਪਨੀ ਨੇ ਨਿੱਜੀ ਜਹਾਜ਼ ਫ਼ਾਲਕਨ ਅਤੇ ਲੜਾਕੂ ਜਹਾਜ਼ ਰਾਫ਼ੇਲ ਬਣਾਇਆ ਤੇ ਸਮਾਚਾਰ ਪੱਤਰ 'ਲਾ ਫ਼ਿਗਾਰੋ' ਸਹਿਤ ਕਈ ਉਦਯੋਗਾਂ ਦੇ ਮਾਲਕ ਸਨ।

# ਕਾਨੂੰਨ ਬਣਿਆ ਤਾਂ ਸਵਿੱਸ ਔਰਤਾਂ ਜਨਤਕ ਥਾਵਾਂ ਉੱਤੇ ਚਿਹਰਾ ਨਹੀਂ ਢੱਕ ਸਕਣਗੀਆਂ




ਜਿਊਰਿਖ, 9 ਮਾਰਚ (ਪੋਸਟ ਬਿਊਰੋ)- ਸਵਿੱਟਜ਼ਰਲੈਂਡ ਵਿੱਚ ਬੁਰਕਾ ਪਹਿਨਣ ਉੱਤੇ ਪਾਬੰਦੀ ਲਾਉਣ ਦੀ ਤਿਆਰੀ ਹੋ ਗਈ ਹੈ। ਇਸ ਮਸਲੇ ਉੱਤੇ ਬੀਤੇ ਦਿਨੀਂ ਹੋਏ ਰਿਫਰੈਂਡਮ ਵਿੱਚ ਇੱਥੋਂ ਦੇ 51.8 ਫੀਸਦੀ ਲੋਕਾਂ ਨੇ ਪਾਬੰਦੀ ਲਾਉਣ ਦਾ ਸਮਰਥਨ ਕੀਤਾ ਹੈ ਅਤੇ 48 ਫੀਸਦੀ ਲੋਕ ਪਾਬੰਦੀ ਦੇ ਵਿਰੋਧ ਵਿੱਚ ਰਹੇ।

ਇਸ ਦੇਸ਼ ਵਿੱਚ ਕੁਝ ਮੁਸਲਿਮ ਔਰਤਾਂ ਦੇ ਹਿਜਾਬ ਅਤੇ ਬੁਰਕੇ ਨਾਲ ਚਿਹਰਾ ਢੱਕਣ ਤੇ ਪ੍ਰਦਰਸ਼ਨਕਾਰੀਆਂ ਵੱਲੋਂ ਇਸਤੇਮਾਲ ਕੀਤੇ ਜਾਣ ਵਾਲੇ ਨਕਾਬਾਂ ਉੱਤੇ ਕੁਝ ਛੋਟ ਉੱਤੇ ਪਾਬੰਦੀ ਲਾਉਣ ਦਾ ਪ੍ਰਸਤਾਵ ਕਰੀਬ 6 ਮਹੀਨੇ ਪਹਿਲਾਂ ਲਿਆਂਦਾ ਗਿਆ ਸੀ। ਇਸ ਦਾ ਲੋਕਾਂ ਨੇ ਵਿਰੋਧ ਕੀਤਾ ਤਾਂ ਸਰਕਾਰ ਨੇ ਰਿਫਰੈਂਡਮ ਕਰਾਉਣ ਦਾ ਫੈਸਲਾ ਕੀਤਾ ਹੈ। ਇਸ ਉੱਤੇ ਕਾਨੂੰਨ ਬਣਿਆ ਤਾਂ ਇਥੇ ਔਰਤਾਂ ਜਨਤਕ ਥਾਵਾਂ ਉੱਤੇ ਪੂਰੀ ਤਰ੍ਹਾਂ ਮੂੰਹ ਢੱਕ ਕੇ ਨਹੀਂ ਨਿਕਲ ਸਕਣਗੀਆਂ।ਸਵਿਸ ਪੀਪੁਲਸ ਪਾਰਟੀ (ਐਸ ਪੀ ਵੀ) ਅਤੇ ਹੋਰ ਗਰੁੱਪਾਂ ਨੇ ਇਸ ਪ੍ਰਸਤਾਵ ਵਿੱਚ ਕਿਤੇ ਵੀ ਇਸਲਾਮ ਦਾ ਜ਼ਿਕਰ ਨਹੀਂ ਕੀਤਾ ਸੀ। ਇਸ ਦੇ ਬਾਵਜੂਦ ਇਥੋਂ ਦੇ ਮੀਡੀਆ ਵਿੱਚ ਇਸ ਨੂੰ ਬੁਰਕਾ ਬੈਨ ਕਹਿ ਕੇ ਇਸ ਨੂੰ ਇਸਲਾਮ ਦੇ ਖਿਲਾਫ ਮੰਨਿਆ ਗਿਆ। ਸਵਿੱਟਜ਼ਰਲੈਂਡ ਦੀ ਕਰੀਬ 86 ਲੱਖ ਆਬਾਦੀ ਵਿੱਚ 5.2 ਫੀਸਦੀ ਮੁਸਲਮਾਨ ਹਨ। ਐਸ ਵੀ ਪੀ ਨੇ ਇਸ ਦੇ ਹੱਕ ਵਿੱਚ ਮੁਹਿੰਮ ਸ਼ੁਰੂ ਕਰ ਦਿੱਤੀ ਹੈ, ਜਿਸ ਵਿੱਚ ਉਸ ਦਾ ਨਾਅਰਾ ਹੈ 'ਉਗਰਵਾਦ ਬੰਦ ਕਰੋ'। ਦੂਸਰੇ ਪਾਸੇ ਇਸ ਦਾ ਵਿਰੋਧ ਕਰ ਰਹੇ ਸਵਿਸ ਇਸਲਾਮਿਕ ਗਰੁੱਪ ਨੇ ਜਨਤਾਦੇ ਫੈਸਲੇ ਨੂੰ ਮੁਸਲਮਾਨਾਂ ਦੇ ਲਈ ਕਾਲਾ ਦਿਨ ਦੱਸਿਆ।

ਸਵਿੱਟਜ਼ਰਲੈਂਡ ਵਿੱਚ ਜਨਤਕ ਥਾਵਾਂ ਜਿਵੇਂ ਦਫਤਰ, ਪਬਲਿਕ ਟਰਾਂਸਪੋਰਟ, ਰੈਸਟੋਰੈਂਟ, ਦੁਕਾਨ ਅਤੇ ਹੋਰ ਥਾਵਾਂ ਉੱਤੇ ਔਰਤਾਂ ਆਪਣਾ ਚਿਹਰਾ ਪੂਰੀ ਤਰ੍ਹਾਂ ਨਹੀਂ ਢੱਕ ਸਕਣਗੀਆਂ, ਪਰ ਪੂਜਾ ਦੇ ਸਥਾਨ ਤੇ ਹੋਰਨਾਂ ਧਾਰਮਿਕ ਥਾਵਾਂ ਉੱਤੇ ਇਸ ਦੀ ਛੋਟ ਰਹੇਗੀ। ਵਰਨਣ ਯੋਗ ਹੈ ਕਿ ਦੁਨੀਆ ਵਿੱਚ ਸਭ ਤੋਂ ਪਹਿਲਾਂ ਫਰਾਂਸ ਨੇ ਬੁਰਕੇ ਉੱਤੇ ਬੈਨ ਲਗਾਇਆ ਸੀ। ਉਸ ਦੇ ਇਲਾਵਾ ਡੈਨਮਾਰਕ, ਬੈਲਜ਼ੀਅਮ, ਹਾਲੈਂਡ, ਜਰਮਨੀ ਵਿੱਚ ਅਜਿਹੀ ਰੋਕ ਹੈ।

ਇਸ ਦੇ ਬਾਅਦ ਬਿਮਾਰੀ ਦੀ ਰੋਕਥਾਮ ਅਤੇ ਸੁਰੱਖਿਆ ਕਾਰਨਾਂ ਕਰ ਕੇ ਔਰਤਾਂ ਬੁਰਕਾ ਪਹਿਨ ਸਕਣਗੀਆਂ ਅਤੇ ਕਾਰਨੀਵਲ ਵਰਗੀਆਂ ਥਾਵਾਂ ਵਿੱਚ ਵੀ ਔਰਤਾਂ ਨੂੰ ਅਜਿਹਾ ਕਰਨ ਦੀ ਇਜਾਜ਼ਤ ਹੋਵੇਗੀ, ਜਿੱਥੇ ਮੂੰਹ ਢੱਕਣ ਦਾ ਰਿਵਾਜ਼ ਸਾਲਾਂ ਤੋਂ ਚੱਲ ਰਿਹਾ ਹੈ, ਪਰ ਵਿਦੇਸ਼ ਤੋਂ ਆਉਂਦੇ ਸੈਲਾਨੀਆਂ ਅਤੇ ਹੋਰ ਲੋਕਾਂ ਨੂੰ ਛੋਟ ਨਹੀਂ ਹੋਵੇਗੀ। ਇੱਕ ਸਰਵੇ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਸਵਿੱਟਜ਼ਰਲੈਂਡ ਵਿੱਚ ਔਰਤਾਂ ਬੁਰਕਾ ਕਦੇ ਨਹੀਂ ਪਹਿਨਦੀਆਂ, ਪਰ 30 ਫੀਸਦੀ ਔਰਤਾਂ ਜਨਤਕ ਥਾਵਾਂ ਉੱਤੇ ਚਿਹਰਾ ਢੱਕਦੀਆਂ ਹਨ।

# ਚੀਨ ਬ੍ਰਹਮਪੁੱਤਰ ਨਦੀ ਨੂੰ ਬੰਨ੍ਹਣ ਦੇ ਕੰਮ ਵਿੱਚ ਤੇਜ਼ੀ ਲਿਆਏਗਾ

ਸ਼ੰਘਾਈ, 9 ਮਾਰਚ (ਪੋਸਟ ਬਿਊਰੋ)- ਚੀਨ ਜਦੋਂ ਲੱਦਾਖ ਨਾਲ ਲੱਗਦੀ ਸਰਹੱਦ ਉੱਤੇ ਫੌਜ ਘੱਟ ਕਰ ਕੇ ਭਾਰਤ ਨਾਲ ਦੋਸਤੀ ਦੀਆਂ ਗੱਲਾਂ ਕਰ ਰਿਹਾ ਹੈ, ਓਦੋਂ ਬ੍ਰਹਮਪੁੱਤਰ ਨਦੀ ਨੂੰ ਬੰਨ੍ਹਣ ਦੇ ਕੰਮ ਵਿੱਚ ਤੇਜ਼ੀ ਲਿਆਉਣ ਦੇ ਫੈਸਲੇ ਨਾਲ ਉਸ ਦੇ ਇਰਾਦੇ ਜ਼ਾਹਰ ਹੋ ਗਏ ਹਨ। ਕੱਲ੍ਹ ਮੀਡੀਆ ਵਿੱਚ ਆਈਆਂ ਖਬਰਾਂ ਮੁਤਾਬਕ ਤਿੱਬਤ ਕਮਿਊਨਿਸਟ ਪਾਰਟੀ ਦੇ ਇੱਕ ਉਚ ਅਧਿਕਾਰੀ ਨੇ ਸ਼ੀ ਚਿਨਫਿੰਗ ਸਰਕਾਰ ਤੋਂ ਬ੍ਰਹਮਪੁੱਤਰ ਨਦੀ ਉੱਤੇ ਵਿਵਾਦਪੂਰਨ ਪਣ-ਬਿਜਲੀ ਯੋਜਨਾ ਦਾ ਨਿਰਮਾਣ ਜਲਦੀ ਸ਼ੁਰੂ ਕਰਨ ਦੀ ਮੰਗ ਕੀਤੀ ਹੈ।

ਤਿੱਬਤ ਖੁਦਮੁਖਤਿਆਰ ਖੇਤਰ ਦੇ ਚੇਅਰਮੈਨ ਸ਼ੀ ਡਲਹਾ ਨੇ ਚੀਨ ਦੇ ਪਾਰਲੀਮੈਂਟਰੀ ਵਫਦ ਨੂੰ ਇਸ ਯੋਜਨਾ ਦੇ ਲਈ ਵਾਤਾਵਰਣੀ ਪ੍ਰਭਾਵ ਦਾ ਜਲਦੀ ਮੁਲਾਂਕਣ ਪੂਰਾ ਕਰਨ ਦੀ ਅਪੀਲ ਕੀਤੀ ਅਤੇ ਕਿਹਾ ਕਿ ਤਿੱਬਤ ਨੂੰ ਇਸੇ ਸਾਲ ਕੰਮ ਸ਼ੁਰੂ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਤਿੱਬਤ ਵਿੱਚ ਸਾਂਗਪੋ ਦੇ ਨਾਂਅ ਨਾਲ ਪਛਾਣੀ ਜਾਂਦੀ ਬ੍ਰਹਮਪੁੱਤਰ ਨਦੀ ਉੱਤੇ ਚੀਨ ਵੱਲੋਂ ਵੱਡੀ ਪਣ-ਬਿਜਲੀ ਯੋਜਨਾ ਦੇ ਕੰਮ ਤੋਂ ਭਾਰਤ ਚਿੰਤਤ ਹੈ। ਉਸ ਨੂੰ ਡਰ ਹੈ ਕਿ ਏਦਾਂ ਕਰਨ ਨਾਲ ਨਦੀ ਦੇ ਵਹਾਅ ਵਿੱਚ ਰੁਕ-ਾਵਟਆ ਸਕਦੀ ਹੈ ਅਤੇ ਭਾਰਤ ਦੇ ਉਤਰ ਪੂਰਬੀ ਰਾਜਾਂ ਵਿੱਚ ਸੋਕੇ ਦੀ ਸਥਿਤੀ ਬਣ ਸਕਦੀ ਹੈ, ਜਿੱਥੋਂ ਇਹ ਨਦੀ ਲੰਘਦੀ ਹੈ। ਇਸ ਪਣ-ਬਿਜਲੀ ਯੋਜਨਾ (ਸਾਂਗਪੋ ਡਾਊਨਸਟਰੀਮ ਹਾਈਡਰੋਪਾਵਰ ਬੇਸ) ਨੂੰ ਪਿਛਲੇ ਹਫਤੇ ਚੀਨ ਨੇ ਨਵੀਂ ਪੰਜ ਸਾਲਾ ਯੋਜਨਾ (2021-2025) ਵਿੱਚ ਸ਼ਾਮਲ ਕੀਤਾ ਸੀ। ਚੀਨ ਦੇ ਸਰਕਾਰੀ ਮੀਡੀਆ ਦੇ ਮੁਤਾਬਕ ਨਦੀ ਉੱਤੇ ਪਣ-ਬਿਜਲੀ ਯੋਜਨਾ ਨਾਲ 60 ਗੀਗਾਵਾਟ ਬਿਜਲੀ ਬਣਾਈ ਜਾ ਸਕਦੀ ਹੈ। ਇਸ ਨਾਲ ਇਹ ਥਰੀ ਗੋਰਜ ਡੈਮ (22.5 ਗੀਗਾਵਾਟ) ਨੂੰ ਪਛਾੜ ਕੇ ਦੁਨੀਆ ਦਾ ਸਭ ਤੋਂ ਵੱਡਾ ਹਾਈਡ੍ਰੋਪਾਵਰ ਪ੍ਰੋਜੈਕਟ ਬਣ ਜਾਏਗਾ।

ਵਰਨਣ ਯੋਗ ਹੈ ਕਿ ਤਿੱਬਤ ਦੀ ਪਵਿੱਤਰ ਮਾਨ ਸਰੋਵਰ ਝੀਲਤੋਂ ਨਿਕਲਣ ਵਾਲੀ ਸਾਂਗਪੋ ਨਦੀ ਪੱਛਮੀ ਕੈਲਾਸ਼ ਪਰਬਤ ਦੇ ਢਾਲ ਤੋਂ ਹੇਠਾਂ ਉਤਰਦੀ ਹੈ ਤਾਂ ਬ੍ਰਹਮਪੁੱਤਰ ਅਖਵਾਉਂਦੀ ਹੈ। ਇਹ ਮਾਨਸਰੋਵਰਤੋਂ ਨਿਕਲ ਕੇ ਸਾਗਰ ਵਿੱਚ ਪੈਣ ਤੱਕ ਦੀ 2906 ਕਿਲੋਮੀਟਰ ਲੰਬੀ ਯਾਤਰਾ ਕਰਦੀ ਹੈ। ਬ੍ਰਹਮਪੁੱਤਰ ਭਾਰਤ ਹੀ ਨਹੀਂ, ਬਲਕਿ ਏਸ਼ੀਆ ਦੀ ਸਭ ਤੋਂ ਲੰਬੀ ਨਦੀ ਹੈ। ਇਸ ਨੂੰ ਦੇਸ਼ਾਂ ਦੇ ਆਧਾਰ ਉੱਤੇ ਵੰਡਿਆ ਜਾਏ ਤਾਂ ਤਿੱਬਤ ਵਿੱਚ ਇਸ ਦੀ ਲੰਬਾਈ 1625 ਕਿਲੋਮੀਟਰ ਅਤੇ ਬੰਗਲਾ ਦੇਸ਼ ਵਿੱਚ 363 ਕਿਲੋਮੀਟਰ ਲੰਬੀ ਹੈ।


# ਚੀਨ ਵਿੱਚ ਅੰਗਰੇਜ਼ੀ ਪੜ੍ਹਨ ਬਾਰੇ ਬਹਿਸ ਭਖੀ

ਪੇਈਚਿੰਗ, 9 ਮਾਰਚ (ਪੋਸਟ ਬਿਊਰੋ)- ਚੀਨ ਦੀ ਕੌਮੀ ਸਲਾਹਕਾਰ ਕਮੇਟੀ ਵੱਲੋਂ ਅੰਗਰੇਜ਼ੀ ਨੂੰ ਮੁੱਖ ਸਬਜੈਕਟ ਵਜੋਂ ਪ੍ਰਾਇਮਰੀ ਤੇ ਸੈਕੰਡਰੀ ਸਕੂਲਾਂ ਤੋਂ ਹਟਾਉਣ ਦੀ ਤਜਵੀਜ਼ ਨਾਲ ਭਾਸ਼ਾ ਦੀ ਬਹਿਸ ਭਖ ਗਈ ਹੈ। ਬਹੁਤੇ ਲੋਕ ਅੰਗਰੇਜ਼ੀ ਦੇ ਪੱਖ ਵਿੱਚ ਹਨ ਅਤੇ ਉਨ੍ਹਾਂ ਦਾ ਕਹਿਣਾ ਹੈ ਕਿ ਅੰਗਰੇਜ਼ੀ ਕਾਰਨ ਚੀਨ ਹੋਰ ਦੇਸ਼ਾਂ ਨਾਲ ਮੁਕਾਬਲੇ ਦੇ ਸਮਰੱਥ ਬਣੇਗਾ। ਮੰਡਾਰਿਨ ਭਾਸ਼ਾ ਬੋਲਣ ਵਾਲੇ ਦੇਸ਼ ਵਿੱਚ ਅੰਗਰੇਜ਼ੀ ਦਾ ਦਬਦਬਾ ਹੌਲੀ-ਹੌਲੀ ਵਧ ਰਿਹਾ ਹੈ। ਸਾਲ 2001 ਤੋਂ ਸਰਕਾਰ ਨੇ ਸਕੂਲਾਂ ਅਤੇ ਕਾਲਜਾਂ ਵਿੱਚ ਅੰਗਰੇਜ਼ੀ ਨੂੰ ਲਾਜ਼ਮੀ ਕਰ ਦਿੱਤਾ ਸੀ।

ਪੀਪਲਜ਼ ਪੋਲੀਟੀਕਲ ਕੰਸਲਟੇਟਿਵ ਕਾਨਫਰੰਸ ਬਾਰੇ ਕੌਮੀ ਕਮੇਟੀ ਦੇ ਮੈਂਬਰ ਸ਼ੂ ਜਿਨ ਨੇ ਤਜਵੀਜ਼ ਦਿੱਤੀ ਹੈ ਕਿ ਅੰਗਰੇਜ਼ੀ ਨੂੰ ਚੀਨੀ ਅਤੇ ਮੈਥ ਵਾਂਗ ਮੁੱਖ ਵਿਸ਼ਾ ਨਹੀਂ ਰੱਖਿਆ ਜਾਣਾ ਚਾਹੀਦਾ ਹੈ। ਇਸ ਦੀ ਬਜਾਏ ਵਿਦਿਆਰਥੀਆਂ ਨੂੰ ਸਰੀਰਕ ਸਿੱਖਿਆ, ਸੰਗੀਤ ਅਤੇ ਕਲਾ ਜਿਹੇ ਹੁਨਰਾਂ ਵਿੱਚ ਸੁਧਾਰ ਲਈ ਵਾਧੂ ਸਮਾਂ ਦੇਣਾ ਚਾਹੀਦਾ ਹੈ। ਉਸ ਨੇ ਸੁਝਾਅ ਦਿੱਤਾ ਹੈ ਕਿ ਅੰਗਰੇਜ਼ੀ ਅਤੇ ਹੋਰ ਵਿਦੇਸ਼ੀ ਭਾਸ਼ਾਵਾਂ ਨੂੰ ਨੈਸ਼ਨਲ ਕਾਲਜ ਦਾਖਲਾ ਪ੍ਰੀਖਿਆ ਲਈ ਲਾਜ਼ਮੀ ਵਿਸ਼ੇ ਵਜੋਂ ਨਹੀਂ ਰੱਖਿਆ ਜਾਣਾ ਚਾਹੀਦਾ। ਉਸ ਦੀ ਤਜਵੀਜ਼ ਨੇ ਸੋਸ਼ਲ ਮੀਡੀਆ ਉੱਤੇ ਬਹਿਸ ਨੂੰ ਭਖਾ ਦਿੱਤਾ ਹੈ।

ਕੁਝ ਲੋਕਾਂ ਨੇ ਤਜਵੀਜ਼ ਦੀ ਹਮਾਇਤ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਸਕੂਲ ਵਿੱਚ ਅੰਗਰੇਜ਼ੀ ਪੜ੍ਹਨ ਵਿੱਚ ਵਧੇਰੇ ਸਮਾਂ ਬਰਬਾਦ ਕੀਤਾ ਹੈ, ਪਰ ਰੋਜ਼ਾਨਾ ਜੀਵਨ ਵਿੱਚ ਇਸ ਦੀ ਬਿਲਕੁਲ ਵਰਤੋਂ ਨਹੀਂ ਕਰਦੇ। ਬਾਕੀ ਲੋਕਾਂ ਦਾ ਕਹਿਣਾ ਹੈ ਕਿ ਅੰਗਰੇਜ਼ੀ ਨੂੰ ਹਟਾਉਣ ਦਾ ਵਿਚਾਰ ਸਹੀ ਨਹੀਂ ਹੈ। ਚਾਈਨਾ ਯੂਥ ਡੇਲੀ ਵੱਲੋਂ ਕਰਵਾਏ ਗਏ ਆਨਲਾਈਨ ਸਰਵੇਖਣ ਵਿੱਚ ਇੱਕ ਲੱਖ 10 ਹਜ਼ਾਰ ਤੋਂ ਜ਼ਿਆਦਾ ਲੋਕਾਂ ਨੇ ਤਜਵੀਜ਼ ਦਾ ਵਿਰੋਧ ਕੀਤਾ ਹੈ, ਜਦ ਕਿ ਇੱਕ ਲੱਖ ਦੇ ਕਰੀਬ ਲੋਕਾਂ ਨੇ ਇਸ ਦੀ ਹਮਾਇਤ ਕੀਤੀ ਹੈ।

# ਬਜਰੰਗ ਨੇ ਕੁਸ਼ਤੀ 'ਚ ਸੋਨ ਤਮਗਾ ਜਿੱਤ ਕੇ ਖਿਤਾਬ ਬਚਾਇਆ




ਰੋਮ, 9 ਮਾਰਚ (ਪੋਸਟ ਬਿਊਰੋ)- ਟੋਕੀਓ ਓਲੰਪਿਕ ਦੀਆਂ ਤਿਆਰੀਆਂਦੇ ਦੌਰਾਨ ਭਾਰਤ ਦੇ ਪਹਿਲਵਾਨ ਬਜਰੰਗ ਪੂਨੀਆ ਨੇ ਆਖਰੀ ਤੀਹ ਸਕਿੰਟਾਂ ਵਿੱਚ ਦੋ ਪੁਆਇੰਟ ਬਣਾ ਕੇ ਮਾਟਿਓ ਰੈਂਕਿੰਗ ਕੁਸ਼ਤੀ ਸੀਰੀਜ਼ ਵਿੱਚ ਸੋਨ ਤਮਗਾ ਜਿੱਤ ਕੇ ਆਪਣਾ ਖਿਤਾਬ ਬਚਾਅ ਲਿਆ ਹੈ। ਇਸ ਦੇ ਨਾਲ ਹੀ ਉਹ ਆਪਣੇ ਭਾਰ ਵਰਗ ਵਿੱਚ ਫਿਰ ਸਿਖਰ ਉੱਤੇ ਪਹੁੰਚ ਗਿਆ ਹੈ। ਉਹ ਉਲੰਪਿਕ ਲਈ ਵੀ ਤਿਆਰ ਦੱਸਿਆ ਜਾਂਦਾ ਹੈ। ਮੰਗੋਲੀਆ ਦੇ ਤੁਲਗਾ ਤੁਮੂਰ ਓਚਿਰ ਖਿਲਾਫ 65 ਕਿਲੋ ਵਰਗ ਦੇ ਫਾਈਨਲ ਵਿੱਚ ਬਜਰੰਗ ਅੰਤਿਮ ਪਲਾਂ ਤੱਕ 0-2 ਨਾਲ ਪਿੱਛੇ ਚੱਲ ਰਿਹਾ ਸੀ, ਪਰ ਆਖਰੀ ਤੀਹ ਸਕਿੰਟਾਂ ਵਿੱਚ ਉਸ ਨੇ ਦੋ ਪੁਆਇੰਟ ਬਣਾ ਕੇ ਸਕੋਰ ਬਰਾਬਰ ਕਰ ਲਿਆ। ਐਤਵਾਰ ਨੂੰ ਹੋਏ ਮੁਕਾਬਲੇ ਵਿੱਚ ਭਾਰਤੀ ਪਹਿਲਵਾਨ ਨੇ ਆਖਰੀ ਪੁਆਇੰਟ ਬਣਾਇਆ ਸੀ, ਜਿਸ ਆਧਾਰ ਉੱਤੇ ਉਸ ਨੂੰ ਜੇਤੂ ਐਲਾਨਿਆ ਗਿਆ। ਬਜਰੰਗ ਇਸ ਟੂਰਨਾਮੈਂਟ ਤੋਂ ਪਹਿਲਾਂ ਆਪਣੇ ਭਾਰ ਵਰਗ ਦੀ ਰੈਂਕਿੰਗ ਵਿੱਚ ਦੂਸਰੇ ਸਥਾਨ ਉੱਤੇ ਸੀ, ਪਰ ਇੱਥੇ 14 ਪੁਆਇੰਟਹਾਸਲ ਕਰ ਕੇ ਉਹ ਸਿਖਰ ਉੱਤੇ ਪਹੁੰਚ ਗਿਆ।

ਇਸੇ ਤਰ੍ਹਾਂ ਵਿਸ਼ਾਲ ਕਾਲੀਰਮਨ ਨੇ ਗੈਰ ਓਲੰਪਿਕ ਵਰਗ ਦੇ ਸੱਤਰ ਕਿਲੋ ਮੁਕਾਬਲੇ ਵਿੱਚ ਕਜ਼ਾਖਿਸਤਾਨ ਦੇ ਸੀਰਬਾਜ ਤਾਲਗਤ ਨੂੰ 5-1 ਨਾਲ ਹਰਾ ਕੇ ਕਾਂਸ਼ੀ ਦਾ ਤਮਗਾ ਹਾਸਲ ਕੀਤਾ। ਭਾਰਤ ਨੇ ਸਾਲ ਦੀ ਇਸ ਪਹਿਲੀ ਰੈਂਕਿੰਗ ਸੀਰੀਜ਼ ਵਿੱਚ ਸੱਤ ਤਮਗੇ ਜਿੱਤੇ। ਬੀਤੇ ਦਿਨ ਮਹਿਲਾ ਵਰਗ ਵਿੱਚ ਵਿਨੇਸ਼ ਫੋਗਾਟ ਨੇ ਸੋਨੇ ਦਾ ਅਤੇ ਸਰਿਤਾ ਮੋਰ ਨੇ ਚਾਂਦੀ ਦਾ ਤਮਗਾ ਜਿੱਤਿਆ ਸੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
A-1 RENOVATION GTA INC.
22 Listcreek Road, Brampton L6p 2n6










jobs! jobs! jobs! jobs! jobs!

DUNDAS · JAFINE

# HELP WANTED
## ਕਾਮਿਆਂ ਦੀ ਲੋੜ
## ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction
AIR CANADA, PIA, ETIHAD, KLM, Emirates, SWISS, BRITISH AIRWAYS, JET AIRWAYS
Travel Worry Free With Insurance
- Super Visa Insurance
- Visitor to Canada
- Trip Cancellation
- Trip Interruption
Manulife
Signature.ca
ticoca IATA
Call Us For Guaranteed Lowest Airfare
ANY Airline Time Destination Around the World
WESTJET vacations, transat, sunwing, AIR CANADA VACATIONS
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com



## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2", ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11" ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10", Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 I +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)




## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8", ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8", ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੈਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11", ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7", ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੈਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜ਼ਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3", ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com


ਜੱਟ ਸਿੱਖ ਲੜਕੀ, 35 ਸਾਲ, ਕੱਦ 5'3", ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4", Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654




ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)



